ਅਕਤੂਬਰ 1976

ਭਾਰਤੀ ਮਹਿਲਾ-ਫੈਡਰੇਸ਼ਨ ਦੀ ਨੌਂਵੀ ਕਾਂਗਰਸ ਦੇ ਅਵਸਰ ਤੇ ਵਿਸ਼ੇਸ਼

ਕਿਕਰਾਂ ਦਾ ਬਨ ਭਿਆਨਕ ਉਸ ਦੀ ਛਾਂ,
ਇਕ ਔਰਤ ਬੇਗੁਨਾਹ, ਹਾਂ ਬੇਗੁਨਾਹ
—ਕਹਿਣ ਦੀ ਤਾਕਤ ਤਾਂ ਹੈ ਪਰ ਬੇਜ਼ਬਾਨ -
ਦੇਣ ਆਪਣਾ ਜਾ ਰਹੀ ਹੈ ਇਮਤਿਹਾਨ।
ਜੀਣ ਦੀ ਹੱਕਦਾਰ ਪਰ ਜੀਣਾ ਮੁਹਾਲ,
ਫੇਰ ਵੀ ਮੂੰਹ ਤੇ ਨਹੀਂ ਕੋਈ ਸਵਾਲ !
ਉਮਰ ਤਕ ਬਨਬਾਸ ਦਾ ਦੋਜ਼ਖ ਰਹੇ;
ਫੇਰ ਵੀ ਦੁਨੀਆ ਨੂੰ ਸ਼ਾਇਦ ਸ਼ਕ ਰਹੇ !
ਅਜ਼ਲ ਤੋਂ ਹੀ ਆਦਮੀ ਜ਼ਾਲਮ ਰਿਹਾ,
ਲੈ ਕੇ ਖ਼ੁਸ਼ੀਆਂ-ਸੁਹਲ, ਦੇਂਦਾ ਗ਼ਮ ਰਿਹਾ।
ਨਜ਼ਰ ਵਿਚ ਔਰਤ ਸਦਾ ਦਾਸੀ ਰਹੀ,
ਇਸ ਲਈ ਔਰਤ ਦੀ ਰੂਹ ਪਿਆਸੀ ਰਹੀ।
ਇਸ ਲਈ ਪੂਰਬ ਹੈ ਕੀ ? ਪੱਛਮ ਹੈ ਕੀ ?
ਰੂਹ ਦੀ ਕੋਈ ਕਦਰ ਕਰਦਾ ਨਹੀਂ।
ਮਾਰਦੇ ਹਨ ਇਸ ਨੂੰ ਜੱਸ ਦੇ ਵਾਸਤੇ,
ਦੇਣ ਅਜ਼ਾਦੀ ਨਫ਼ਸ ਦੇ ਵਾਸਤੇ !
ਉਹ ਸਵੰਬਰ ਵੀ ਸਦਾ ਧੋਖਾ ਰਹੇ,
ਰੂਹ ਕੀ, ਕਰਤਵ ਹੀ ਪਰਖੇ ਗਏ।
ਸ਼ੋਕ ! ਦਿਲ ਦੀ ਕੁਝ ਕਦਰ ਹੁਣ ਤੱਕ ਨਹੀਂ !
ਹਾਏ ਔਰਤ ! ਹਾਏ ਜ਼ਾਲਮ ਆਦਮੀ !

... ... ...

ਹਾਏ ! ਔਰਤ ਇਮਤਿਹਾਨਾਂ ਵਿਚ ਰਹੀ,
ਹਿਰਸ ਹੇਠਾਂ ਬੇਜ਼ਬਾਨਾਂ ਵਿਚ ਰਹੀ,
ਇਸ ਕਦੀ ਮਾਣੀ ਨਾ ਅਸਲੀ ਜ਼ਿੰਦਗੀ;
ਹਾਏ ! ਔਰਤ ਇਕ ਖਿਡੌਣਾ ਹੀ ਰਹੀ !

ਬਾਵਾ ਬਲਵੰਤ

ਇਕ ਰੁਪਿਆ

Namdhari Elibrary NamdhariElibrary@gmail.com

ਮਾਸਕ **ਵਰਿਆਮ** ਅਕਤੂਬਰ 1976

ਜਿਲਦ ਨੰ: 1 ਅੰਕ ਨੰ: 12

ਪੰਨਾ

ਔਰਤਾਂ ਦੀ ਬਰਾਬਰੀ ਦਾ ਸੰਘਰਸ਼ 1
– ਉਰਮਿਲਾ ਆਨੰਦ

ਕੂਕਾ ਅੰਦੋਲਨ ਤੇ ਇਸਤਰੀਆਂ 3
– ਪ੍ਰੀਤਮ ਸਿੰਘ ਕਵੀ

ਖਿਮਾਂ ਮੰਗਣ ਤੋਂ ਪਹਿਲਾਂ (ਕਹਾਣੀ) 7
– ਮਹਿੰਦਰ ਸਿੰਘ ਦੋਸਾਂਝ

ਪੰਜਾਬੀ ਸਾਹਿਤ ਦੀਆਂ ਲੇਖਕਾਵਾਂ 13
– ਪ੍ਰੋ: ਅਵਤਾਰ ਜੌੜਾ

ਖ਼ਲੂਸ ਖ਼ਲੂਸ (ਕਹਾਣੀ) — ਕੇ. ਐਲ. ਗਰਗ 19

ਆਧੁਨਿਕ ਨਾਰੀ ਦਾ ਸੰਗੀਤ ਨੂੰ ਯੋਗਦਾਨ 21
– ਪ੍ਰੋ: ਜੁਗਿੰਦਰ ਬਾਵਰਾ

ਕਾਦਰ ਯਾਰ (ਰੰਗ ਮੰਚ ਤੋਂ – ਕੁਲਦੀਪ ਸਿੰਘ ਬੇਦੀ 24

ਸਾਹਿਤ ਸਮਾਚਾਰ 25

ਤੁਹਾਡਾ ਪੰਨਾ 29

ਪ੍ਰਕਾਸ਼ਨ ਮਿਤੀ 8 ਅਕਤੂਬਰ 1976

ਮੁਖ ਸੰਪਾਦਕ : ਜਗਦੀਸ਼ ਸਿੰਘ
ਮੁੱਲ ਪ੍ਰਤੀ ਕਾਪੀ : 1 ਰੁਪਿਆ
ਚੰਦਾ ਸਾਲਾਨਾ : 12 ਰੁਪਏ
ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
**ਮਾਸਕ ਵਰਿਆਮ,**
**ਲਾਡੋਵਾਲੀ ਰੋਡ**
**ਜਲੰਧਰ – 144001.**
ਫੋਨ : 2504 ਪੀ. ਪੀ.

Office Address :
WARIAM
(Punjabi Monthly)
Ladowali Road
Jullundur-144001

# ਸੰਪਾਦਕੀ

ਹਥਲੇ ਅੰਕ ਦੇ ਨਾਲ ਵਰਿਆਮ ਪਹਿਲੇ ਸਾਲ ਨੂੰ ਪਾਰ ਕਰ ਗਿਆ ਹੈ। ਇਸ ਪਰਚੇ ਨੂੰ ਜਾਰੀ ਰਖਣ ਦੇ ਨਮਾਣੇ ਜਿਹੇ ਜਤਨਾਂ ਵਿਚ ਅਨੇਕਾਂ ਸਹਿਯੋਗੀਆਂ ਦਾ ਹੱਥ ਹੈ। ਜਿਹਨਾਂ ਵਿਚ ਦੋਸਤ ਮਿਤਰ, ਲੇਖਕ, ਪਾਠਕ ਹਰ ਵਰਗ ਦੇ ਸਜਣ ਸ਼ਾਮਲ ਹਨ। ਇਹਨਾਂ ਦਾ ਜ਼ਿਕਰ ਕਿਸੇ ਅਗਲੇ ਅੰਕ ਵਿਚ ਜ਼ਰੂਰ ਕਰਾਂਗੇ ਪਰ ਹੁਣ ਕੇਵਲ ਉਹਨਾਂ ਦਾ ਹਾਰਦਿਕ ਧਨਵਾਦ ਕਰਦਿਆਂ ਹੀ ਖ਼ੁਸ਼ੀ ਮਹਿਸੂਸ ਹੋ ਰਹੀ ਹੈ।

8-9-10-11 ਅਕਤੂਬਰ ਨੂੰ ਜਲੰਧਰ ਵਿਚ ਹੋ ਰਹੀ ਭਾਰਤੀ ਮਹਿਲਾ ਫੈਡਰੇਸ਼ਨ ਦੀ ਨੌਵੀਂ ਕਾਂਗਰਸ ਨੂੰ ਇਹ ਅੰਕ ਸਮਰਪਤ ਹੈ।

ਅਜੇ ਪਿਛਲੇ ਸਾਲ ਹੀ ਸਾਰੀ ਦੁਨੀਆਂ ਨੇ ਇਸਤ੍ਰੀਆਂ ਦਾ ਸਾਲ ਮਨਾਇਆ ਹੈ। ਇਸਤਰੀ ਨੂੰ ਪੈਰ ਦੀ ਜੁਤੀ ਤੋਂ ਲੈ ਕੇ ਦੇਵੀ ਤਕ ਕਿਹਾ ਗਿਆ ਹੈ ਪਰ ਸਚੀ ਗਲ ਇਹ ਹੈ ਕਿ ਅਜੇ ਤਕ ਇਸ ਦੀ ਬੰਦ ਖਲਾਸ ਨਹੀਂ ਹੋਈ। ਜਲੰਧਰ ਵਿਚ ਹੋ ਰਹੀ ਇਸ ਇਤਿਹਾਸਕ ਕਾਨਫਰੰਸ ਵਿਚ ਸਾਰੇ ਭਾਰਤ ਵਿਚੋਂ ਡੈਲੀਗੇਟਾਂ ਤੋਂ ਇਲਾਵਾ ਲਗ ਭਗ 25 ਬਾਹਰਲੇ ਦੋਸਤ ਦੇਸ਼ਾਂ ਦੇ ਡੈਲੀਗੇਸ਼ਨ ਪੁਜ ਰਹੇ ਹਨ। ਅਸੀਂ ਇਸ ਕਾਂਗਰਸ ਦੀ ਸਫਲਤਾ ਲਈ ਕਾਮਨਾ ਕਰਦੇ ਹਾਂ।

ਚੂੰਕਿ ਮਿਥੇ ਪ੍ਰੋਗਰਾਮ ਤੋਂ ਹੱਟ ਕੇ ਇਹ ਅੰਕ ਕਢਿਆ ਗਿਆ ਇਸ ਵਾਸਤੇ ਇਹ ਕੁਝ ਲੇਟ ਹੋ ਗਿਆ ਹੈ ਅਤੇ ਕੁਝ ਸਥਾਈ ਫੀਚਰ ਵੀ ਕਟਣੇ ਪਏ ਹਨ ਪਰ ਵਰਿਆਮ ਆਪਣੇ ਨਵੇਂ ਵਰ੍ਹੇ ਦੀ ਸ਼ੁਰੂਆਤ ਹੋਰ ਵੀ ਚੰਗੇ ਲੇਖਾਂ ਕਹਾਣੀਆਂ ਤੇ ਫੀਚਰਾਂ ਨਾਲ ਕਰੇਗਾ ਅਤੇ ਆਪਣੀ 'ਲੇਟ' ਵੀ ਕਢੇਗਾ।

—ਸੰਪਾਦਕ



Namdhari Elibrary NamdhariElibrary@gmail.com

# ਔਰਤਾਂ ਦੀ ਬਰਾਬਰੀ ਦਾ ਸੰਘਰਸ਼

— ਊਰਮਿਲਾ ਆਨੰਦ

ਪੁਰਾਣੇ ਸੰਸਕਾਰਾਂ ਤੇ ਭੈੜੀਆਂ ਰਹੁ-ਰੀਤੀਆਂ ਦੀ ਸ਼ਿਕਾਰ ਔਰਤ ਹਮੇਸ਼ਾਂ ਹੀ ਪਿਛਾਖੜ ਦੇ ਲੋਕਾਂ ਦੇ ਕੋਝੇ ਹਮਲਿਆਂ ਦਾ ਸ਼ਿਕਾਰ ਰਹੀ ਹੈ। ਵਿਆਹ ਦਾ ਪਵਿੱਤਰ ਸਾਥ, ਮਾਂ ਦੇ ਵਿਹੜੇ ਦੀ ਨਿਮਾਣੀ ਛਾਂ ਤੇ ਆਪਣੇ ਘਰ ਦੇ ਮੋਕਲੇ ਵਿਹੜੇ ਵੀ ਸੱਭੇ ਰਾਹ ਉਸ ਲਈ ਹੱਥ ਕੜੀਆਂ ਲੈ ਕੇ ਖਲੋਤੇ ਰਹੇ। ਉਹ ਅਬਲਾ ਬਣੀ, ਦਾਸੀ ਬਣੀ, ਦੇਵੀ ਬਣੀ ਪਰ ਕਦੇ ਵੀ ਸਮਾਜ ਨੇ ਉਸਦੀ ਸਹੀ ਦੇਣ ਨੂੰ ਨਾ ਪਛਾਣਿਆ ਤੇ ਉਸਦੇ ਅੰਦਰਲੇ ਨੂੰ ਵਲੂੰਧਰ ਕੇ ਉਸਦੀ ਸ਼ਕਤੀ ਨੂੰ ਨਕਾਰਾ ਸਮਝਿਆ ਗਿਆ।

ਪਰ ਜਿਉਂ ਜਿਉਂ ਪੜ੍ਹਾਈ ਦਾ ਪਸਾਰਾ ਹੋਇਆ ਔਰਤਾਂ ਵਿਚ ਚੇਤਨਤਾ ਜਾਗੀ ਤਾਂ ਉਹਨਾਂ ਦੀ ਇਸ ਜਾਗ-ਰਿਤੀ ਨੇ ਹੀਣਤਾ ਦਾ ਅਹਿਸਾਸ ਤੱਜ ਦੇਣ ਲਈ ਪ੍ਰਣ ਕੀਤਾ। ਖੁਦ-ਮੁਖਤਿਆਰੀ ਤੇ ਸਵੈ-ਭਰੋਸੇ ਨੂੰ ਜਿਤਣ ਲਈ ਉਹ ਆਪਣੀਆਂ ਚਾਰ ਦੀਵਾਰੀਆਂ ਵਿਚੋਂ ਬਾਹਰ ਨਿਕਲਣ ਲਗੀਆਂ। ਉਹਨਾਂ ਦੀ ਪਰਗਤੀ ਦੇ ਰਾਹ ਵਿਚ ਕੀ ਕੀ ਤੇ ਕੌਣ ਕੌਣ ਰੁਕਾਵਟ ਹਨ, ਇਸ ਦੀ ਉਹ ਭਾਲ ਕਰਨ ਲਗ ਪਈਆਂ। ਉਹ ਆਪਣੀ; ਸਮਾਨਤਾ ਚਾਹੁੰਦੀਆਂ ਹਨ, ਸਮਾਜ ਦੇ ਵਿਕਾਸ ਵਿਚ ਆਪਣਾ ਪੂਰਾ ਹਿੱਸਾ ਪਾਉਣਾ ਚਾਹੁੰਦੀਆਂ ਹਨ।

ਸਾਂਝੀ ਭਾਰਤੀ ਮਹਿਲਾ ਫੈਡਰੇਸ਼ਨ, ਜਿਹੜੀ ਕਿ ਔਰਤਾਂ ਦੀ ਸਭ ਤੋਂ ਵੱਡੀ ਜਥੇਬੰਦੀ ਹੈ। ਇਸ ਵਿਚ ਹਰ ਵਰਗ ਤੇ ਹਰ ਕਿਸਮ ਦੀਆਂ ਔਰਤਾਂ ਸ਼ਾਮਲ ਹਨ। ਚਾਹੇ ਉਹ ਡਾਕਟਰ, ਵਕੀਲ, ਪਰੋਫੈਸਰ, ਕਲਰਕ, ਟੀਚਰ, ਲਿਖਾਰੀ, ਗ੍ਰਹਿਸਤੀ ਘਰੇਲੂ, ਨੌਜੁਆਨ, ਖੇਤ ਮਜ਼ਦੂਰ ਜਾਂ ਕਾਰਖਾਨੇ ਵਿਚ ਕੰਮ ਕਰਨ ਵਾਲੀਆਂ ਔਰਤਾਂ ਹਨ, ਪਰ ਭਿੰਨ ਭਿੰਨ ਵਿਚਾਰ ਰੱਖਣ ਵਾਲੀਆਂ ਔਰਤਾਂ ਵੀ ਔਰਤਾਂ ਦੀਆਂ ਬੁਨਿਆਦੀ ਤੇ ਸਾਂਝੀਆਂ ਗੱਲਾਂ ਲਈ ਇਸੇ ਝੰਡੇ ਥੱਲੇ ਇਸ ਜਥੇਬੰਦੀ ਵਿਚ ਕੰਮ ਕਰਦੀਆਂ ਹਨ।

ਇਸ ਜਥੇਬੰਦੀ ਦੇ ਮੁਖ ਉਦੇਸ਼ ਇਹ ਹਨ: ਔਰਤਾਂ ਨੂੰ ਜਥੇਬੰਦ ਕਰਨਾ ਤੇ ਉਹਨਾਂ ਦੇ ਸੰਘਰਸ਼ ਵਿਚ ਉਹਨਾਂ ਦੀ ਅਗਵਾਈ ਕਰਨਾ। ਜੀਵਨ ਦੇ ਸਾਰੇ ਖੇਤਰਾਂ ਵਿਚ ਔਰਤਾਂ ਲਈ ਬਰਾਬਰ ਦੇ ਅਧਿਕਾਰਾਂ ਲਈ ਸੰਘਰਸ਼ ਕਰਨਾ। ਬੱਚਿਆਂ ਦੇ ਕਲਿਆਣ ਵਿਚ ਵਾਧਾ ਕਰਨਾ। ਧਰਮ ਨਿਰਪੱਖਤਾ ਦੀ ਰਖਿਆ ਕਰਨਾ। ਵਖ ਵਖ ਦੇਸ਼ਾਂ ਦੀਆਂ ਔਰਤਾਂ ਵਿਚਕਾਰ ਇਕਮੁਠਤਾ ਨੂੰ ਵਧਾਉਣਾ ਅਤੇ ਵਿਸ਼ਵ ਸ਼ਾਂਤੀ ਲਈ ਲੜਨਾ।



Namdhari Elibrary NamdhariElibrary@gmail.com

ਇਹ ਸਾਡੇ ਲਈ ਬੜੇ ਮਾਣ ਦੀ ਗੱਲ ਹੈ ਕਿ ਇਸ ਜਥੇਬੰਦੀ ਦੀ ਨੌਵੀਂ ਕਾਂਗਰਸ ਸਾਡੀ ਪੰਜਾਬ ਦੀ ਧਰਤੀ ਤੇ ਜਲੰਧਰ ਸ਼ਹਿਰ ਵਿਚ 8—9—10 ਤੇ 11 ਅਕਤੂਬਰ ਨੂੰ ਹੋ ਰਹੀ ਹੈ। ਦੂਰ ਦੂਰ ਮੁਲਕਾਂ ਤੋਂ ਰੂਸ, ਵੀਅਤਨਾਮ, ਅੰਗੋਲਾ ਵਰਗੇ ਵੀਹ ਬਾਹਰਲੇ ਦੇਸ਼ਾਂ ਦੀਆਂ ਔਰਤਾਂ ਸਾਡੀਆਂ ਮਹਿਮਾਨ ਬਣ ਕੇ ਆ ਰਹੀਆਂ ਹਨ। ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਚੀਦਾ ਚੀਦਾ 1800 ਔਰਤਾਂ ਬਤੌਰ ਡੈਲੀਗੇਟ ਆਉਣਗੀਆਂ। ਸਾਡੀ ਇਹ ਕਾਂਗਰਸ ਇਕ ਮਹਾਨ ਕਾਂਗਰਸ ਹੋਵੇਗੀ—ਸਾਡਾ ਉਦੇਸ਼ ਸਿਆਸਤ, ਆਰਥਕਤਾ, ਸਭਿਆਚਾਰ, ਸਮਾਜ ਤੇ ਪਰਵਾਰ ਵਿਚ ਔਰਤਾਂ ਦੀ ਸੱਚੀ ਸੁੱਚੀ ਅਜ਼ਾਦੀ ਤੇ ਬਰਾਬਰੀ ਨੂੰ ਸਾਕਾਰ ਕਰਨਾ ਹੈ, ਇਹ ਕਾਨਫਰੰਸ ਸਮੁਚੇ ਦੇਸ਼ ਦੀ ਜਮਹੂਰੀ ਲਹਿਰ ਲਈ ਵੀ ਮਹਾਨ ਦੇਣ ਸਿੱਧ ਹੋਵੇਗੀ। ਸਾਡੀ ਬਰਾਬਰੀ ਦੀ ਜਦੋ-ਜਹਿਦ ਨਾ-ਬਰਾਬਰੀਆਂ ਵਿਰੁਧ ਵਿਸ਼ਾਲ ਵਿਆਪਕ ਜਦੋ-ਜਹਿਦ ਦਾ ਅਨਿਖੜਵਾਂ ਅੰਗ ਹੈ।

ਇਹ ਦੁਨੀਆਂ ਸਿਰਫ ਮਰਦਾਂ ਦੀ ਹੈ, ਇਹ ਅੱਜ ਦੀ ਚੇਤੰਨ ਔਰਤ ਨਹੀਂ ਮੰਨਦੀ। ਉਸ ਨੂੰ ਪੂਰੇ ਮੌਕੇ ਮਿਲਣ ਤੇ ਸਹੂਲਤਾਂ ਮਿਲਣ ਤਾਂ ਉਹ ਵੀ ਆਦਮੀਆਂ ਜਿਤਨੀ ਹੀ ਕਾਬਲੀਅਤ ਤੇ ਸਮਰੱਥਾ ਰਖਦੀ ਹੈ, ਉਹ ਜੱਜ ਬਣਨਾ ਚਾਹੁੰਦੀ ਹੈ, ਇੰਜੀਨੀਅਰ ਬਣਨਾ ਚਾਹੁੰਦੀ ਹੈ, ਦੁਨੀਆਂ ਦਾ ਕੋਈ ਵੀ ਕਿੱਤਾ ਅਜੇਹਾ ਨਹੀਂ ਜਿਸ ਵਿਚ ਉਹ ਮੁਹਾਰਤ ਹਾਸਲ ਨਹੀਂ ਕਰ ਸਕੀ।

ਔਰਤਾਂ ਦਾ ਮਰਦਾਂ ਨਾਲ ਬਰਾਬਰੀ ਦਾ ਸੰਘਰਸ਼ ਮੁਢਲੇ ਤੌਰ ਤੇ ਸਮਾਜ ਦੇ ਸਮੁਚੇ ਵਿਕਾਸ ਦਾ ਸੰਘਰਸ਼ ਹੈ। ਸੰਸਾਰ ਵਿਚ ਬਰਾਬਰੀ ਲਿਆਣ ਲਈ ਅਮਨ ਜ਼ਰੂਰੀ ਹੈ ਤੇ ਬਰਾਬਰੀ ਤੋਂ ਬਾਅਦ ਹੀ ਸੰਸਾਰ ਪਰਗਤੀ ਤੇ ਖੁਸ਼ਹਾਲੀ ਪਰਾਪਤ ਕਰ ਸਕਦਾ ਹੈ। ਔਰਤਾਂ ਦੇ ਬਰਾਬਰੀ ਵੱਲ ਵੱਧ ਰਹੇ ਕਦਮ ਦਰਅਸਲ ਸਮਾਜ ਦੇ ਸਹੀ ਕਲਿਆਣ ਵਲ ਵਧ ਰਹੇ ਕਦਮ ਹਨ।

ਪਰ ਸਭ ਕੁਝ ਪ੍ਰੋਗਰਾਮਾਂ ਤੇ ਅਧਾਰਤ ਨਹੀਂ ਹੁੰਦਾ, ਨਿਰੇ ਪੁਰੇ ਕਾਨੂੰਨ ਵੀ ਤੇ ਤਾਕਤ ਕੁਝ ਅਸਰ ਨਹੀਂ ਰਖਦੇ ਜੇ ਇਸ ਪ੍ਰਤੀ ਅਸੀਂ ਅਗੇ ਹੋ ਕੇ ਆਪਣੀਆਂ ਜ਼ਿਮੇਵਾਰੀਆਂ ਨਾ ਨਿਭਾਈਏ। ਅਜ ਔਰਤ ਨੂੰ ਆਪਣੀ ਤੇ ਆਪਣੇ ਦੇਸ਼ ਦੀ ਰਾਖੀ ਲਈ, ਲੋਕਤੰਤਰ ਦੀ ਰਾਖੀ ਲਈ, ਆਪਣੀਆਂ ਜਮ-ਹੂਰੀ ਮੰਗਾਂ ਲਈ ਅਗਾਂਹ-ਵਧੂ ਤਾਕਤਾਂ ਨਾਲ ਰਲ ਕੇ ਜਥੇਬੰਦ ਹੋ ਕੇ ਅਗੇ ਵਧਣਾ ਅਤੇ ਹਰ ਘੋਲ ਵਿਚ ਆਪਣਾ ਯੋਗ ਹਿੱਸਾ ਪਾਣਾ ਚਾਹੀਦਾ ਹੈ,। ਅਜ ਇਕ ਯੋਜਨਾਬੰਦ,ਕੰਮ ਪਰਣਾਲੀ ਬਨਾਣ ਲਈ ਲੋੜ ਹੈ। ਅਜ ਸਾਨੂੰ ਪੜ੍ਹੀਆਂ ਲਿਖੀਆਂ ਭੈਣਾਂ ਨੂੰ ਅਗੇ ਲਿਆ ਕੇ ਆਪਣੀਆਂ ਪੇਂਡੂ ਭੈਣਾਂ ਨੂੰ ਰਾਹ ਦਿਖਾਣ ਦੀ ਲੋੜ ਹੈ। ਅਜ ਸਾਂਝੇ ਪਲੇਟ ਫਾਰਮਾਂ ਤੇ ਸਾਨੂੰ ਮਜਬੂਤੀ ਨਾਲ ਔਰਤਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ। ਗੁਜ਼ਰੇ ਜ਼ਮਾਨੇ ਦੀਆਂ ਰਹੁ ਰੀਤੀਆਂ, ਦਾਜ ਦਾ ਕਲੰਕ, ਅੰਧ-ਵਿਸ਼ਵਾਸ਼ ਤੇ ਅਨਪੜ੍ਹਤਾ ਦੂਰ ਕਰਨਾ ਸਾਡਾ ਫਰਜ ਹੈ। ਉਹਨਾਂ ਨੂੰ ਫੈਮਲੀ ਪਲੈਨਿੰਗ, ਸਿਹਤ ਦੀ ਸੰਭਾਲ, ਦਬੀਆਂ ਕੁਚਲੀਆਂ ਔਰਤਾਂ ਦੇ ਮਸਲੇ ਹੱਲ ਕਰਨੇ, ਮਹਿੰਗਾਈ ਨੂੰ ਦੂਰ ਕਰਾਣ ਤੇ ਮਿਲਾਵਟ ਵਾਲੀਆਂ ਚੀਜ਼ਾਂ ਨਾ ਵਿਕਣ, ਇਸ ਲਈ ਚੁੱਕਨੇ ਹੋਣਾ ਚਾਹੀਦਾ ਹੈ।

ਔਰਤਾਂ ਦੀ ਬਿਹਤਰੀ ਤੇ ਬਰਾਬਰੀ ਵਲ ਵਧ ਰਹੇ ਕਦਮ ਹਮੇਸ਼ਾਂ ਜਾਰੀ ਰਹਿਣੇ ਚਾਹੀਦੇ ਹਨ ਤੇ ਵਿਕਾਸ ਦੀਆਂ ਸਕੀਮਾਂ ਹੋਰ ਵੀ ਨਿੱਗਰ ਬਣਨਗੀਆਂ, ਜੇ ਅਸੀਂ ਆਪਣੀ ਸ਼ਮੂਲੀਅਤ ਉਸ ਵਿਚ ਲਗਾਤਾਰ ਜਾਰੀ ਰਖੀਏ ਤੇ ਇਸ ਦੀ ਮੁਹਰੈਲ ਬਣ ਕੇ ਸਹੀ ਪਹਿਰਾ ਦਦੀਏ। ਅਜ ਸਾਨੂੰ ਬੜੀ ਚੌਕਸੀ ਤੇ ਸਮਝਦਾਰੀ ਨਾਲ ਤੁਰਨ ਦੀ ਲੋੜ ਹੈ।

ਆਓ, ਮੇਰੀਆਂ ਭੈਣੋਂ ਆਓ। ਆਪਣੀ ਸਹੀ ਦੇਣ ਤੇ ਹੱਕਾਂ ਦੀ ਪਰਾਪਤੀ ਦੀ ਜਾਣਕਾਰੀ ਲਈ ਆਪਣੀ ਇਸ ਮਹਾਨ ਕਾਨਫਰੰਸ ਨੂੰ ਸਫਲ ਕਰਨ ਵਿਚ ਤੇ ਇਸ ਵਿਚ ਆਪਣੀ ਪੂਰੀ ਸ਼ਮੂਲੀਅਤ ਰਲਾ ਕੇ ਇਸ ਦਾ ਇਕ ਅੰਗ ਬਣ ਜਾਓ। ਤੁਹਾਡੇ ਰੌਸ਼ਨ ਰਾਹ ਤੁਹਾਡੇ ਪੈਰਾਂ ਦੀ ਚਾਲ ਨੂੰ ਉਡੀਕਦੇ ਪਏ ਹਨ ਤੇ ਤੁਹਾਡੀ ਹੋਣੀਆਂ—ਭਰਪੂਰ ਸਵੇਰ ਉਡ ਉਡ ਤੁਹਾਡੇ ਤੇ ਝਾਤੀਆਂ ਪਾ ਰਹੀ ਹੈ।

—:o:—



Namdhari Elibrary NamdhariElibrary@gmail.com

# ਕੂਕਾ ਅੰਦੋਲਨ ਤੇ ਇਸਤਰੀਆਂ

—ਪ੍ਰੀਤਮ ਸਿੰਘ ਕਵੀ

ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਅਹਿੰਸਕ ਲੜਾਈ ਛੁਹਣ ਸਮੇਂ ਇਹ ਗੱਲ ਚੰਗੀ ਤਰ੍ਹਾਂ ਭਾਂਪ ਲਈ ਸੀ ਕਿ ਜੇ ਸਮੁੱਚੀ ਲੋਕਾਈ ਨੂੰ ਵਿਦੇਸ਼ੀ ਹਾਕਮਾਂ ਦੇ ਖਿਲਾਫ਼ ਜਗਾਇਆ ਤੇ ਲਾਮਬੰਦ ਨਾ ਕੀਤਾ ਗਿਆ ਤਾਂ ਭਾਰਤ ਦੇ ਗਲੋਂ ਗੁਲਾਮੀ ਦੇ ਸੰਗਲ ਨਹੀਂ ਲੱਥ ਸਕਣੇ। ਅਤੇ ਸਮੁੱਚੀ ਲੋਕਾਈ ਵਿਚ ਅੱਧ ਇਸਤਰੀਆਂ ਦਾ ਹੈ। ਇਹਨਾਂ ਨੂੰ ਮਨੁੱਖਾਂ ਦੇ ਬਰਾਬਰ ਉਤਸ਼ਾਹ ਦੇਣ ਲਈ ਇਹ ਜ਼ਰੂਰੀ ਹੈ ਕਿ ਨਿਰਾਦਰ ਦਾ ਸ਼ਿਕਾਰ ਹੋਈ ਇਸਤਰੀ ਜਾਤੀ ਨੂੰ ਸਮਾਜ ਵਿਚ ਇਕ ਤਾਂ ਸਾਵਾਂ ਦਰਜਾ ਦਿਤਾ ਜਾਏ; ਦੂਸਰਾ, ਇਸ ਨਾਲ ਹੁੰਦੀਆਂ ਜ਼ਿਆਦਤੀਆਂ ਖ਼ਤਮ ਕੀਤੀਆਂ ਜਾਣ; ਤੀਸਰੇ, ਇਸ ਦੇ ਮਨ ਦੀ ਕਾਲਖ ਤੇ ਭਰਮ-ਅਨ੍ਹੇਰਾ ਦੂਰ ਕੀਤਾ ਜਾਏ।

ਸੋ ਜਦੋਂ 1857 ਦੇ 13 ਅਪਰੈਲ ਨੂੰ ਭੈਣੀ ਸਾਹਿਬ (ਲੁਧਿਆਣਾ) ਵਿਖੇ ਬਰਤਾਨਵੀ ਬਸਤੀਵਾਦੀਆਂ ਦੇ ਖਿਲਾਫ਼ ਅਹਿੰਸਕ ਅੰਦੋਲਨ ਦਾ ਮੁੱਢ ਬੰਨ੍ਹਿਆ ਗਿਆ ਤਾਂ ਉਸ ਸਮੇਂ ਉਸ ਵਿਸ਼ਾਲ ਇਕਠ ਵਿਚ ਇਸਤਰੀਆਂ ਦਾ ਵੀ ਇਕ ਤਕੜਾ ਭਾਗ ਹਾਜ਼ਰ ਸੀ। ਗੁਰੂ ਰਾਮ ਸਿੰਘ ਜੀ ਨੇ ਐਲਾਨ ਕੀਤਾ : ਸਦਾਚਾਰਕ ਤੌਰ ਤੇ ਉੱਚੇ ਹੋਵੋ। ਸਮਾਜਕ ਤੌਰ ਤੇ ਸੁਚੇਤ ਤੇ ਜਥੇਬੰਦੀ ਦੇ ਸੂਤਰ ਵਿਚ ਪਰੋਤੇ ਜਾਓ ਅਤੇ ਦੇਸ਼ ਦੇ ਭਲੇ ਹਿਤ ਅੰਗਰੇਜ਼ ਹਾਕਮਾਂ ਦੀਆਂ ਕੁਲ ਨੇਅਮਤਾਂ ਦਾ ਬਾਈਕਾਟ ਕਰੋ, ਇਹ ਮਿੱਠਾ ਮੁਹਰਾ ਹਨ।

ਸਤਿਗੁਰੂ ਜੀ ਨੇ ਇਸਤਰੀਆਂ ਨਾਲ ਸੰਬੰਧਤ ਵਿਸ਼ੇਸ਼ ਨੁਕਤਿਆਂ ਤੇ ਬਲ ਦਿਤਾ : ਧੀਆਂ ਨਾ ਮਾਰੋ—ਇਹ ਜਣਨੀਆਂ ਹਨ। ਇਹਨਾਂ ਦਾ ਵਟਾ ਸਟਾ ਨਾ ਕਰੋ—ਇਹ ਪਸ਼ੂ ਨਹੀਂ। ਇਹਨਾਂ ਦੀ ਖ਼ਰੀਦੋ ਫ਼ਰੋਖਤ ਨਾ ਕਰੋ—ਇਹ ਗੁਲਾਮ ਨਹੀਂ। ਛੋਟੀ ਉਮਰੇ ਇਹਨਾਂ ਨੂੰ ਨਾ ਵਿਆਹੋ—ਵਿਵਾਹਿਤ ਜੀਵਨ ਦਾ ਨਾ ਇੰਜ ਆਨੰਦ ਆਉਂਦਾ ਹੈ, ਨਾ ਸੰਤਾਨ ਦੀ ਚੰਗੀ ਤਰ੍ਹਾਂ ਸੰਭਾਲ ਹੁੰਦੀ ਹੈ। ਇਹਨਾਂ ਨੂੰ ਗੁਰਮੁਖੀ ਪੜ੍ਹਾਓ—ਇਹ ਸਿਆਣੀਆਂ ਬਣਨ, ਵਹਿਮਾਂ ਭਰਮਾਂ ਚੋਂ ਨਿਕਲਣ ਤੇ ਦੇਸ਼ ਵਿਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਸੋਚਣ ਸਮਝਣ। ਵਿਧਵਾ ਵਿਆਹ ਕਰੋ—ਧੀਆਂ ਨੂੰ ਧੁਖ ਧੁਖ ਨਾ ਬਲਣ ਦਿਓ, ਗਿਣਤੀ ਵਿਚ ਵੱਧ, ਮਰਦਾਂ 'ਚੋਂ ਕਿਸੇ ਦਾ ਰੰਡੇਪਾ ਦੂਰ ਕਰੋ ਤੇ ਔਰਤ ਨੂੰ ਮੁੜ ਸੁਹਣੀ ਜ਼ਿੰਦਗੀ ਜਿਉਣ ਦਾ ਅਵਸਰ ਦਿਓ।

ਔਰਤਾਂ ਬਾਰੇ ਏਨਾ ਬਹੁ-ਪੱਖੀ ਅਹਿਸਾਸ ਅਤੇ ਉਹਨਾਂ ਦੇ ਹਿਤ ਵਿਚ ਉੱਚੀ ਕੀਤੀ ਅਵਾਜ਼ ਨੇ ਉਸ ਵੇਲੇ ਦੇ ਦਿਲੀਓਂ ਕਾਬਲ ਤਕ, ਕਸ਼ਮੀਰੋਂ ਸਿੰਧ ਦੇ ਸਾਗਰ ਤਟ ਤਕ ਲੱਖਾਂ ਪੈਰੋਕਾਰ ਇਹਨਾਂ ਵਿਚ ਪੈਦਾ ਕਰ ਦਿਤੇ।

ਪਿੰਡ ਪਿੰਡ, ਕਸਬੇ ਕਸਬੇ, ਸ਼ਹਿਰ ਸ਼ਹਿਰ ਵਿਚ ਜਦੋਂ ਕੂਕਿਆਂ ਦੀਆਂ ਗੱਲਾਂ ਚਲਦੀਆਂ ਸਨ, ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਅੰਗਰੇਜ਼ਾਂ ਦੁਆਰਾ ਖੋਹਿਆ ਰਾਜ ਮੁੜ ਪ੍ਰਾਪਤ ਕਰਨ ਦੀ ਲਾਲਸਾ ਮਚਲ ਉਠੀ ਸੀ, ਓਦੋਂ ਇਹ ਸੋਚਣਾ—ਕਰਨਾ ਕੇਵਲ ਮਰਦਾਂ ਦਾ ਹੀ ਕੰਮ ਨਹੀਂ ਸੀ ਸਗੋਂ ਇਸਤਰੀਆਂ ਵੀ ਮੋਢੇ ਨਾਲ ਮੋਢਾ ਜੋੜ ਅਗਾਂਹ ਵਧ ਰਹੀਆਂ ਸਨ। ਪੀਰਾਂ ਫ਼ਕੀਰਾਂ ਦੇ ਮਕਬਰਿਆਂ, ਮਾਤਾ, ਗੁੱਗੇ, ਭੈਰਉਂ, ਮੜ੍ਹੀਆਂ ਮਸਾਣਾਂ ਦੀ ਮਾਨਤਾ ਚੋਂ



Namdhari Elibrary NamdhariElibrary@gmail.com

ਨਿਕਲਦੀਆਂ ਇਸਤਰੀਆਂ ਆਪਣੇ ਪੁਰਸ਼ਾਂ ਨਾਲ ਜ਼ਿੰਦਗੀ ਦੇ ਇਕ ਨਵੇਂ ਖੇਤਰ ਵਿਚ ਦਾਖਲ ਹੋ ਰਹੀਆਂ ਸਨ।

ਕੇਵਲ ਛੇ ਸਾਲ ਦੇ ਵਕਫੇ ਪਿਛੋਂ ਸਰਕਾਰੀ ਸਮਾਚਾਰਾਂ ਵਿਚ ਰਿਪੋਰਟਾਂ ਵਿਚ ਇਹ ਨੋਟ ਪਰਕਾਸ਼ਤ ਹੋਏ :

'ਉਹ (ਗੁਰੂ ਰਾਮ ਸਿੰਘ) ਸਿਖਾਂ ਵਿਚ ਜ਼ਾਤ ਪਾਤ ਦੇ ਭੇਦ ਭਾਵ ਨੂੰ ਮਿਟਾ ਰਿਹਾ ਹੈ। ਸਭ ਸ਼ਰੇਣੀਆਂ ਵਿਚ ਪਰਸਪਰ ਖੁਲ੍ਹੇ ਵਿਆਹਾਂ ਦੇ ਪੱਖ ਵਿਚ ਹੈ। ਵਿਧਵਾ-ਵਿਆਹ ਕਰਨ ਦੀ ਆਗਿਆ ਦਿੰਦਾ ਹੈ। ਸ਼ਰਾਬ ਅਤੇ ਨਸ਼ਿਆਂ ਤੋਂ ਰੋਕਦਾ ਹੈ। ਇਸਤਰੀ ਪੁਰਸ਼ਾਂ ਦੇ ਖੁਲ੍ਹੇ ਮੇਲ-ਮਿਲਾਪ ਦਾ ਪਖ ਪਾਤੀ ਹੈ। (ਭਾਵ ਘੁੰਡ ਕਢਣ, ਘਰ ਦੀ ਚਾਰ ਦਿਵਾਰੀ ਵਿਚ ਹੀ ਕੈਦ ਰਖਣ ਤੋਂ ਉਲਟ—ਲੇਖਕ)

'ਉਸ ਦੇ ਦੀਵਾਨਾਂ ਵਿਚ ਇਸਤਰੀ ਪੁਰਸ਼ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਇਸਤਰੀਆਂ ਅਤੇ ਨਵ-ਯੁਵਤੀਆਂ ਉਸਦੀ ਸੰਪ੍ਰਦਾਇ ਵਿਚ ਸ਼ਾਮਲ ਹਨ।"

ਗੁਰੂ ਰਾਮ ਸਿੰਘ ਜੀ ਨੇ ਔਰਤਾਂ ਦੇ ਰੁਤਬੇ ਨੂੰ ਬਰਾਬਰ ਕਰਨ ਲਈ ਪਹਿਲਾ ਤਾਂ ਸਿਆਹੜ (ਲੁਧਿਆਣਾ) ਵਿਚ ਇਕ ਬੜੇ ਭਾਰੀ ਇਕਠ ਸਾਹਵੇਂ ਸੈਂਕੜੇ ਬੀਬੀਆਂ ਨੂੰ ਤੇੜ ਕਛਹਿਰੇ ਪੁਆ ਕੇ ਅੰਮ੍ਰਿਤ ਛਕਾਇਆ। ਘੁੰਡ. ਪਰਦੇ-ਉਹਲੇ ਦਾ ਫਸਤਾ ਵਢਿਆ ਅਤੇ ਨਾਲ ਹੀ ਉਹਨਾਂ ਵੀਰਾਂਗਣਾਂ ਦੀ ਇਕ ਖੁਫੀਆ ਜਥੇਬੰਦੀ ਸਿਰਜੀ ਜੋ ਦਲੇਰ ਤੇ ਬਹਾਦਰ ਔਰਤਾਂ ਦੀ ਚੋਣ ਲੋੜ ਅਨੁਸਾਰ ਕਰਦੀ ਰਹੇ।

ਹਿੰਦੁਸਤਾਨ ਭਰ ਵਿਚ ਆਪਣਾ ਪਰੋਗਰਾਮ ਫੈਲਾਣ ਲਈ ਆਪ ਨੇ ਜੋ ਬਾਈ ਸੂਬੇ ਸਥਾਪਤ ਕੀਤੇ ਉਹਨਾਂ ਵਿਚ ਇਕ ਇਸਤਰੀ ਸੂਬਾ ਵੀ ਸੀ ਜਿਸ ਦਾ ਨਾਮ ਹੁਕਮੀ ਸੀ ਅਤੇ ਜਿਸ ਨੂੰ ਸਾਰੇ ਹੀ ਆਦਰ ਸੂਚਕ ਨਾਮ ਨਾਲ "ਮਹਾਤਮਾ ਜੀ" ਆਖਕੇ ਸਦਦੇ ਸਨ। 20 ਸਾਲਾਂ ਦੀ ਇਹ ਖੂਬਸੂਰਤ ਅਤੇ ਅਣਖੀਲੀ ਮਝੈਲ ਇਸਤਰੀ ਇਰਾਦੇ ਦੀ ਪਕੀ, ਬੋਲਬਾਣੀ ਦੀ ਉੱਚੀ ਤੇ ਨਿੱਜੀ ਚਰਿਤਰ ਵਿਚ ਏਨੀ ਉੱਚੀ ਸੀ ਕਿ ਇਸ ਦੀ ਸੰਗਤ ਵਿਚ ਆਏ ਕੁਕਰਮੀ ਵੀ ਚੰਗੇਰੇ ਜੀਵਨ ਲਈ ਸਹਿਕ ਉਠਦੇ। ਇਸਦਾ ਕੰਮ ਸਾਰੇ ਪੰਜਾਬ ਵਿਚ ਇਸਤਰੀ ਜਥਿਆਂ ਦੀ ਤਿਆਰੀ, ਉਹਨਾਂ ਵਿਚ ਨਾਮ-ਬਾਣੀ ਦੀ ਲਗਨ ਅਤੇ ਵਿਦੇਸ਼ੀ ਸਰਕਾਰ ਵਿਰੁਧ ਨਫਰਤ ਦੀ ਅਗਨੀ ਪਰਚੰਡ ਕਰਨ ਸੀ।

ਇਹ "ਮਹਾਤਮਾ ਜੀ" ਆਪਣੇ ਸਤਾਰ੍ਹਵੇਂ ਸਾਲ (1865) ਵਿਚ ਹੀ ਕੂਕਾ ਅੰਦੋਲਨ ਵਿਚ ਸ਼ਾਮਲ ਹੋ ਗਏ ਅਤੇ 1923 (ਮਿਰਤੂ) ਤਕ ਇਕਸਾਰ ਪਰਚਾਰ ਪਰਸਾਰ ਕਰਦੇ ਰਹੇ।

ਪਿਛਲੇ ਸਾਲ ਮਲੇਰ ਕੋਟਲੇ ਦੇ ਖੂਲ੍ਹੇ ਰੱਕੜ ਵਿਚ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤ ਦੀ ਮਹਾਨ ਇਸਤਰੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੂਕਿਆਂ ਨੂੰ ਖ਼ਿਰਾਜਿ ਅਕੀਦਤ ਪੇਸ਼ ਕਰਦਿਆਂ ਉਹਨਾਂ ਬਾਹਦਰ ਕੂਕਾ ਇਸਤਰੀਆਂ ਦਾ ਵੀ ਜ਼ਿਕਰ ਕੀਤਾ ਜਿਹਨਾਂ ਵਿਚੋਂ ਮਾਈ ਹੁਕਮੀ ਵਿਸ਼ੇਸ਼ ਤੌਰ ਤੇ ਨਾਮ ਲੈ ਕੇ ਯਾਦ ਕੀਤੀ ਗਈ।

ਮਾਈ ਇੰਦ ਕੌਰ ਹੰਢਿਆਏ ਵਾਲੀ ਉਹ ਜਵਾਂ-ਮਰਦ ਸੀ ਜਿਸ ਨੇ ਮਲੇਰ ਕੋਟਲੇ ਦੀ ਪ੍ਰਸਿਧ ਘਟਨਾ ਵਾਲੇ ਜਥੇ ਦੀ ਤਿਆਰੀ ਵਿਚ ਦਲੇਰਾਨਾ ਹਿਸਾ ਪਾਇਆ। ਭੈਣੀ ਸਾਹਿਬ ਵਿਚ ਜੁੜੇ ਵਿਸ਼ਾਲ ਇਕਠ 'ਚੋਂ ਚੋਣਵੇਂ ਬੰਦੇ ਜਥੇਬੰਦ ਕਰਨ ਲਈ ਉਸ ਨੇ ਕੋਠੇ ਤੇ ਚੜ੍ਹ ਕੇ ਪੱਲੂ ਫੇਰਦਿਆਂ ਗਰਜ ਕੇ ਆਖਿਆ : ਆਓ, ਜਿਨ੍ਹੇ ਧਰਮ ਦੇ ਜਹਾਜੇ ਚੜ੍ਹਨਾ ਹੈ। ਬਿਗਿਆਂ ਦੇ ਧੱਖੇ ਭਰੇ, ਅਤਿਆਚਾਰੀ ਨਜ਼ਾਮ ਤੇ ਕਰਾਰੀ ਸੱਟ ਮਾਰਨੀ ਹੈ। ਗਊ ਗਰੀਬ ਦੇ ਗਲੋਂ ਛੁਰੀ ਲਾਹਣੀ ਹੈ। ਆਓ ਜਿਹਨਾਂ ਨੂੰ ਪਰੇਮ ਖੇਲਣ ਕਾ ਚਾਉ ਹੈ।

ਮਾਈ ਇੰਦ ਕੌਰ ਅਤੇ ਖੇਮ ਕੌਰ ਨੇ ਉਹ ਸ਼ਹੀਦੀ ਝੰਡਾ ਆਪਣੇ ਮੋਢਿਆਂ ਤੇ ਅੰਤ ਤਕ ਉਠਾਈ ਰਖਿਆ ਜਿਸ ਦੀ ਲਾਜ ਲਈ "ਕੂਕੇ ਮਲੇਰ ਕੋਟਲੇ ਦੇ ਰੱਕੜ ਵਿਚ ਤੋਪਾਂ ਅਗੇ ਉਡ ਗਏ। ਮਾਈ ਇੰਦ ਕੌਰ ਦਾ ਪਤੀ ਏਸੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਇਆ ਮਲੌਦ ਵਿਚ ਇਕ ਝੜਪ ਵਿਚ ਮਾਰਿਆ ਗਿਆ ਅਤੇ ਇੰਦ ਕੌਰ ਨੇ ਸਫਾਜੰਗ ਨਾਲ ਵਾਰ ਕਰਕੇ ਮਲੌਦ ਦੇ ਜਗੀਰਦਾਰ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕੀਤਾ ਜੋ ਬਚਨੋਂ ਤਾਂ ਫਿਰ ਹੀ ਗਿਆ ਸੀ ਕੂਕਿਆਂ ਲਈ ਦੁਰਬਚਨ ਵੀ ਬੋਲਣ ਲਗ ਪਿਆ ਸੀ।

ਮਲੇਰ ਕੋਟਲੇ ਵਿਚ ਅੰਗਰੇਜ਼ ਵਲੋਂ ਤੋਪਾਂ ਨਾਲ ਉਡਾਏ ਜਾਣ ਵਾਲੇ ਜਥੇ ਵਿਚ ਦੋ ਲੜਕੇ ਸਭ ਤੋਂ ਛੋਟੀ ਉਮਰ ਦੇ ਸਨ। ਉਹਨਾਂ 'ਚੋਂ ਬਿਸ਼ਨ ਸਿੰਘ ਨੇ ਡਿਪਟੀ ਕਮਿਸ਼ਨਰ ਮਿ: ਕਾਵਨ ਦੀ ਦਾਹੜੀ ਨੂੰ ਜਾ ਹੱਥ ਪਾਇਆ, ਜਿਸ ਤੋਂ ਉਹ ਕਤਲ ਕੀਤਾ ਗਿਆ ਅਤੇ ਹਰਨਾਮ ਸਿੰਘ ਨੇ ਵੀ ਏਸੇ ਰਕੜ ਵਿਚ ਮੌਤ ਨਾਲ ਗਲਵਕੜੀ ਪਾਈ ਸੀ—ਪਰ ਉਸੇ ਸ਼ਹੀਦੀ ਇਕਠ ਵਿਚ ਇਹਨਾਂ ਦੀਆਂ ਮਾਵਾਂ ਬੇਬੇ ਰਾਇ ਕੌਰ ਅਤੇ ਬੇਬੇ ਖੇਮ ਕੌਰ (ਦੋਵੇਂ ਪਿੰਡ ਰੱਤਾ—ਪਟਿਆਲਾ ਦੀਆਂ ਵਸਨੀਕ) ਨੇ ਛੋਟੇ ਬਚਿਆਂ ਦੇ ਸਾਹਸ ਅਤੇ ਸੂਰਮਗਤੀ ਨੂੰ ਵੇਖ ਖੁਸ਼ੀਆਂ ਮਨਾਈਆਂ, ਜੈਕਾਰੇ ਛੱਡੇ,



Namdhari Elibrary NamdhariElibrary@gmail.com

ਬ੍ਰਿੱਖ ਸਫਲੀ ਸਮਝੀ ਤੇ ਸ਼ਬਦ ਪੜ੍ਹਦੀਆਂ ਨੇ ਸ਼ਹੀਦਾਂ ਦਾ ਸਸਕਾਰ ਕੀਤਾ ।

ਇਸ ਤੋਂ ਪਹਿਲੋਂ ਅੰਮ੍ਰਿਤਸਰ-ਬੁੱਚੜ-ਬੱਧ ਦੇ ਕੇਸ ਵਿਚ ਜਿਹੜੇ ਨਾਮਧਾਰੀ ਸਿੰਘਾਂ ਨੂੰ ਫਾਹੇ ਲਾਇਆ ਗਿਆ ਉਹਨਾਂ ਵਿਚੋਂ ਮੌੜਿਆਂ ਦੇ ਸਰਦਾਰ ਹੁਕਮ ਸਿੰਘ ਪਟਵਾਰੀ ਦੀ ਮਾਤਾ ਨੂੰ ਜਦ ਪੁੱਤਰ ਦੀ ਸ਼ਹੀਦੀ ਦਾ ਪਤਾ ਲਗਾ, ਉਹ ਰੋਈ-ਕੁਰਲਾਈ ਨਹੀਂ, ਸਗੋਂ, "ਸੇਵਕ ਕੀ ਓੜਕ ਨਿਬਹੀ ਪ੍ਰੀਤ" ਸ਼ਬਦ ਗਾਉਂਦੀ ਆਪਣੇ ਕੰਨੇ ਦੀਆਂ ਕੜੀਆਂ ਲੁਹਾ, ਗੱਡਾ ਲਦਵਾ ਕੇ ਸ਼ਹੀਦ ਸਿੰਘਾਂ ਦੇ ਸਸਕਾਰ ਲਈ ਅੰਮ੍ਰਿਤ-ਸਰ ਨੂੰ ਚਲ ਪਈ । ਅਜਿਹੀਆਂ ਹੋਰ ਅਨੇਕਾਂ ਕੂਕਾ ਵੀਰਾਂ-ਗਣਾਂ ਇਤਿਹਾਸ ਦੇ ਕੁਹਰੇ ਵਿਚ ਲੁਕ ਗਈਆਂ ਹਨ, ਜਿਹਨਾਂ ਆਪਣੇ ਮਰਦਾਂ ਨਾਲ, ਵੀਰਾਂ ਤੇ ਪੁਤਰਾਂ ਨਾਲ ਵਿਦੇਸ਼ੀ ਰਾਜ ਦੀਆਂ ਜੇਹਲਾਂ ਸਜ਼ਾਵਾਂ ਤੇ ਯਾਤਨਾਵਾਂ ਖਿੜੇ ਮਥੇ ਪਰਵਾਨ ਕੀਤੀਆਂ ।

ਹੁਣੇ ਹੁਣੇ ਜਿਸ "ਮਹਾਤਮਾ ਜੀ" (ਬੇਬੇ ਹੁਕਮੀ) ਦਾ ਜ਼ਿਕਰ ਕੀਤਾ ਹੈ ਉਹ ਉੱਚੇ ਸੁੱਚੇ ਚਰਿਤਰ ਦੇ ਮਾਲਕ ਤਾਂ ਸਨ ਹੀ ਪਰ ਧਾਰਮਕ ਸ਼ਰਧਾ ਭਾਵਨਾ ਦੇ ਨਾਲ ਨਾਲ ਨੀਤਕ ਸੂਝ ਵੀ ਲਮੀ ਰਖਦੇ ਸਨ । ਉਹਨਾਂ ਦੀ ਸੰਗਤ ਨੇ ਦੇਸ਼ ਧਰੋਹੀ ਰਜਵਾੜਿਆਂ ਦੀਆਂ ਧਾੜਾਂ ਚੋਂ ਨਿਖੇੜ ਕੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਮਚਾ ਸੁਚਾ ਦੇਸ਼ ਭਗਤ ਬਣਾ ਦਿਤਾ ਤੇ ਏਸੇ ਕਾਰਨ ਸਾਰੀ ਉਮਰ ਅੰਗਰੇਜ਼ ਦੇ ਅਤਾਬ ਅਤੇ ਮਹਾਰਾਜਾ ਪਟਿਆਲਾ ਦੀਆਂ ਸਾਜ਼ਸ਼ਾਂ ਦਾ ਨਿਸ਼ਾਨਾ ਬਣਿਆ ਰਿਹਾ ।

ਅੰਮ੍ਰਿਤਸਰ ਦੇ ਜ਼ਿਲਾ ਸੁਪਰਡੰਟ ਕੈਪਟਨ ਮੈਨਜ਼ੀਜ਼ ਨੇ ਡਾਕੂਮੈਂਟ ਨੰ. 20 ਏ ਵਿਚ ਸਪਸ਼ਟ ਕੀਤਾ ਹੈ :

"ਇਕ ਇਸਤਰੀ ਸੂਬਾ, 20 ਸਾਲਾਂ ਦੀ ਜੁਆਨ ਔਰਤ ਜ਼ਿਲਾ ਅੰਮ੍ਰਿਤਸਰ ਲਈ ਤੈਨਾਤ ਕੀਤੀ ਗਈ ਹੈ। ਉਹਦਾ ਨਾਂ ਹੁਕਮੀ ਹੈ। ਉਹ ਜ਼ਿਲਾ ਅੰਮ੍ਰਿਤਸਰ, ਥਾਣਾ ਸਰਹਾਲੀ ਦੇ ਪਿੰਡ ਵਰਿਆਂਹ ਦੇ ਜ਼ਿਮੀਦਾਰ ਰਤਨ ਸਿੰਘ ਦੀ ਲੜਕੀ ਹੈ । ਉਸ ਦੀ ਡਿਊਟੀ ਹੈ ਕਿ ਉਹ ਔਰਤਾਂ ਦਾ ਧਰਮ ਬਦਲੇ ਅਤੇ ਆਪਣੇ ਮਤ ਵਿਚ ਲਿਆਵੇ ।"

ਪੰਜਾਬ ਸਰਕਾਰ ਦਾ ਇਕ ਹੋਰ (ਤੇਰ੍ਹਵਾਂ) ਡਾਕੂਮੈਂਟ ਇੰਜ ਦਸਦਾ ਹੈ :

"ਜ਼ਿਲਾ ਅੰਮ੍ਰਿਤਸਰ ਦੇ ਪਿੰਡ ਵਰਿਆਂਹ ਦੇ ਵਸਨੀਕ ਵਾਹੀਕਾਰ ਰਤਨ ਸਿੰਘ ਦੀ ਵੀਹ ਸਾਲ ਦੀ ਲੜਕੀ ਮੁਸੱਮੀ ਹੁਕਮੀ । ਇਹ ਔਰਤ ਕਾਨ੍ਹ ਸਿੰਘ ਨਿਹੰਗ ਨਾਲ ਬੜੀ ਕਾਮਯਾਬੀ ਨਾਲ ਹੁਸ਼ਿਆਰਪੁਰ, ਅੰਮ੍ਰਿਤਸਰ ਤੇ ਹੋਰ ਜ਼ਿਲ੍ਹਿਆਂ ਵਿਚ ਉਪਦੇਸ਼ ਕਰਦੀ ਫਿਰਦੀ ਹੈ ।" ਅਤੇ ਮਹਾਤਮਾ ਜੀ ਨੂੰ ਕੁਝ ਸਮਾਂ ਸਖਤ ਕੈਦ ਵੀ ਕਟਣੀ ਪਈ, ਜਦੋਂ ਨਾਮ-ਧਾਰੀਆਂ ਤੇ ਦਬਾਉ ਚਕਰ ਚਲਿਆ ।

ਅਜਿਹੀਆਂ ਕੁਝ ਇਸਤਰੀਆਂ ਬੜੀ ਗੰਭੀਰਤਾ ਨਾਲ ਦੇਸ਼ ਦੀ ਸੁਤੰਤਰਤਾ ਹਿਤ ਦਿਨ ਰਾਤ ਜਾਨ ਹੂਲਵੀਂ ਲੜਾਈ ਵਿਚ ਉਤਰ ਚੁਕੀਆਂ ਸਨ । ਦੂਜੇ ਪਾਸੇ ਨਾਮ-ਧਾਰੀਆਂ ਦੇ ਸਮੁੱਚੇ ਗਰੋਹ ਆਚਰਣਕ ਪੱਖੋਂ ਏਨੇ ਉਚੇਰੇ ਸਨ ਕਿ ਕਦੇ ਵਿਰਲੀ ਟਾਵੀਂ ਹੀ ਸ਼ਕਾਇਤ ਗੁਰਦਰਵਾਰੇ ਪਹੁੰਚਦੀ । ਲੇਖਕ ਨੂੰ ਆਪਣੇ ਬਚਪਨ ਵਿਚ ਅਜਿਹੀਆਂ ਅਨੇਕਾਂ ਮਾਤਾਵਾਂ ਦੇ ਦਰਸ਼ਨ ਹੋਏ ਜਿਹਨਾਂ ਦੀ ਜ਼ਬਾਨ ਤੋਂ ਇਹ ਤੁਕ ਕਈ ਵਾਰ ਸੁਣਨ ਨੂੰ ਮਿਲਦੀ :

ਮੈਨੂੰ ਤਾਰਿਆ ਪੂਰਿਆਂ ਸਤਿਗੁਰਾਂ ਨੇ
ਕਟ ਸੁਟੀ ਏ ਭੁਖ ਤੇ ਨੰਗ ਮੇਰੀ
ਗੁਰਾਂ ਸੱਚ ਦਾ ਚੂੜਾ ਚਾੜ੍ਹਿਆ ਏ
ਭੰਨ ਸੁੱਟੀ ਏ ਕੱਚ ਦੀ ਵੰਗ ਮੇਰੀ ।

ਤੇ ਫਿਰ ਉਸ ਪਰਮ ਪਾਵਨ ਇਸਤਰੀ, ਗੁਰੂ-ਜਨਨੀ ਸ੍ਰੀ ਮਾਤਾ ਜੀਵਨ ਕੌਰ ਜੀ ਦੇ ਦਰਸ਼ਨਾਂ ਅਤੇ ਸਨੇਹ ਤੋਂ ਫ਼ੈਜ਼ਯਾਬ ਹੋਇਆ ਜਿਸ ਨੇ ਗੁਰੂ ਘਰ ਵਿਚ ਵੱਡੀਓਂ ਵੱਡੀ ਪਦਵੀ ਤੇ ਰਹਿ ਕੇ ਨਾ ਆਪਣੀ ਸਾਦਗੀ ਛਡੀ ਤੇ ਨਾ ਸਖਾਵਤ ਨੂੰ ਆਂਚ ਆਉਣ ਦਿਤੀ। ਸਵੇਰੇ ਉਠ, ਇਸ਼ਨਾਨ ਕਰ, ਭਜਨ ਤੇ ਬਾਣੀ ਸੂਰਜ ਚੜ੍ਹਨ ਤਕ ਕਰਕੇ, ਸਾਰਾ ਦਿਨ ਸੰਗਤਾਂ ਦੀ ਸੇਵਾ ਵਿਚ ਬਿਤਾ ਦੇਣਾ । ਘਰ ਆਇਆਂ ਨੂੰ ਭਾਵੇਂ ਉਹ ਕਿਸੇ ਵੀ ਮਤ ਦੇ ਹੋਣ ਅਤੇ ਅਸਲੋਂ ਆਪਣੇ ਵਿਰੋਧੀ ਵੀ ਹੋਣ ਦੁਧਾਂ, ਘਿਉਆਂ, ਬਦਾਮਾਂ ਖੰਡਾਂ ਨਾਲ ਭਾਂਡੇ ਝੋਲੀਆਂ ਭਰ ਭਰ ਤੋਰਨਾ ।

1929 ਦੇ ਲਾਹੌਰ ਵਾਲੇ ਪ੍ਰਸਿਧ ਕਾਂਗਰਸ ਸੈਸ਼ਨ ਨੂੰ ਜੇ ਕੋਈ ਚੇਤੇ ਕਰ ਸਕੇ ਤਾਂ ਉਸ ਨੂੰ ਪਤਾ ਹੋਵੇਗਾ ਕਿ ਉਹ



Namdhari Elibrary NamdhariElibrary@gmail.com

ਕਿੜੀ ਮੁਸ਼ਕਲ ਪਰਸਥਿਤੀ ਵਿਚ ਹੋਇਆ ਸੀ, ਜਦੋਂ ਕਿ ਅੰਗਰੇਜ਼ ਦੀ ਚੁੱਕ ਤੇ ਚੜ੍ਹੇ ਅਕਾਲੀਆਂ ਉਸ ਸੈਸ਼ਨ ਦਾ ਬਾਈਕਾਟ ਕਰ ਦਿਤਾ; ਮੁਸਲਿਮ ਲੀਗੀ ਉਂਜ ਹੀ ਕਾਂਗਰਸ ਦੇ ਵਿਰੋਧੀ ਸਨ ਅਤੇ ਪੰਜਾਬ ਦਾ ਹਿੰਦੂ ਕਾਰੋਬਾਰੀ ਸਪਸ਼ਟ ਰੂਪ ਵਿਚ ਸਾਹਮਣੇ ਨਹੀਂ ਸੀ ਆਉਣਾ ਚਾਹੁੰਦਾ—ਦੇਸ਼ ਭਗਤ ਹਲਕਿਆਂ ਵਿਚ ਇਸ ਸੈਸ਼ਨ ਦੀ ਕਾਮਯਾਬੀ ਲਈ ਬੜੀ ਫਿਕਰਮੰਦੀ ਸੀ, ਓਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ, ਅਤੇ ਹੋਰ ਨਾਮਧਾਰੀ ਲੀਡਰਾਂ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਿਮ ਆਦਿ ਰਾਹੀਂ ਸਾਰੇ ਪੰਜਾਬ ਦੇ ਨਾਮਧਾਰੀਆਂ ਨੂੰ ਕਾਂਗਰਸ ਸੈਸ਼ਨ ਕਾਮਯਾਬ ਕਰਨ ਲਈ ਬੁਲਾ ਘੱਲਿਆ, ਅਤੇ ਸ੍ਰੀ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ 100 ਸ਼ਾਨਦਾਰ ਘੋੜਿਆਂ ਦਾ ਪ੍ਰਬੰਧ ਕੀਤਾ। ਇਸ ਸੈਸ਼ਨ ਵਿਚ ਲੰਗਰ ਦੀ ਤਿਆਰੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ, ਜੀਉਣ ਕੌਰ ਜੀ ਅਤੇ ਹੋਰ ਨਾਮਧਾਰੀ ਇਸਤਰੀਆਂ ਨੇ ਲੰਗਰ ਦੀ ਜ਼ਿਮੇਵਾਰੀ ਏਨੀ ਤਨਦਿਹੀ ਨਾਲ ਨਿਭਾਈ ਕਿ ਸੈਸ਼ਨ ਦਾ ਕੋਈ ਦਰਸ਼ਕ ਵੀ ਰੋਟੀਓਂ ਭੁੱਖਾ ਨਹੀਂ ਗਿਆ।

... ... ...

ਅੱਜ ਜਦੋਂ ਕਿ ਸਰਬ ਭਾਰਤੀ ਮਹਿਲਾ ਫੈਡਰੇਸ਼ਨ ਦਾ ਨੌਵਾਂ ਇਕਠ ਜਲੰਧਰ ਵਿਚ (8-9-10 ਤੇ 11 ਅਕਤੂਬਰ 1976) ਹੋ ਰਿਹਾ ਹੈ—ਨਾਮਧਾਰੀ ਸੰਗਤਾਂ ਇਸ ਨੂੰ ਭਰਪੂਰ ਸਮਰਥਨ ਦੇ ਰਹੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਕਾਨਫਰੰਸ ਦੇ ਡੈਲੀਗੇਟਾਂ ਤੇ ਸੇਵਾਦਾਰਾਂ ਦੇ ਚਾਰ ਦਿਨਾਂ ਲੰਗਰ ਲਈ 30 ਬੋਰੀਆਂ ਕਣਕ ਅਤੇ 5 ਬੋਰੀਆਂ ਚਾਵਲ ਦੇ ਕੇ ਇਸਤਰੀਆਂ ਦੀ ਜਥੇਬੰਦੀ ਨੂੰ ਹੋਰ ਵੀ ਵਧੇਰੇ ਵਧਣ ਫੁਲਣ ਦੀ ਅਸ਼ੀਰਵਾਦ ਦਿਤੀ ਹੈ। ਨਾਮਧਾਰੀ ਇਸਤਰੀਆਂ ਵੀ, ਆਸ ਹੈ, ਇਸ ਸੰਮੇਲਨ ਵਿਚ ਹਾਜ਼ਰੀ ਤੇ ਜ਼ਿਮੇਵਾਰੀ ਵਲੋਂ ਆਪਣਾ ਮੁਨਾਸਬ ਹਿਸਾ ਪਾਉਣਗੀਆਂ।

—: o :—

## ਇਸਤ੍ਰੀ

- ਜਿਥੇ ਇਸਤ੍ਰੀ ਦਾ ਮਾਣ ਹੈ, ਦੇਵਤੇ ਵੀ ਉਸ ਧਰਤੀ ਉੱਤੇ ਰਹਿਣਾ ਚਾਹੁੰਣਗੇ। —ਮਨੂੰ
- ਇਸਤ੍ਰੀਆਂ ਨਾਲ ਸੁਚੱਜਾ ਸਲੂਕ ਕਰੋ, ਕਿਉਂਕਿ ਉਹ ਤੁਹਾਡੀਆਂ ਮਾਂ ਬੇਟੀਆਂ ਹਨ। —ਮੁਹੰਮਦ
- ਬੋਲੀ ਦੇ ਦਸ ਤੋਲ ਧਰਤੀ 'ਤੇ ਉਤਰੇ। ਨੌਂ ਤੀਵੀਆਂ ਲੈ ਗਈਆਂ ਤੇ ਇਕ ਆਦਮੀ। —ਬੇਬੀਲੋਨੀਅਨ ਟਾਲਮੁਡ
- ਸੋਹਣੀ ਤੀਵੀਂ ਇਕ ਹੀਰਾ ਹੈ, ਪਰ ਨੇਕ ਇਸਤਰੀ ਇਕ ਖਜ਼ਾਨਾ। —ਸ਼ੇਖ ਸਾਅਦੀ
- ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ। —ਗੁਰੂ ਨਾਨਕ
- ਪਿਆਰ, ਜਿਸ ਦੀ ਝਲਕ ਮਰਦ ਨੂੰ ਜ਼ਿੰਦਗੀ ਵਿਚ ਕਦੀ ਕਦੀ ਮਿਲਦੀ ਹੈ, ਇਸਤ੍ਰੀ ਦੀ ਜ਼ਿੰਦਗੀ ਦਾ ਪੂਰਨ ਇਤਿਹਾਸ ਹੈ। —ਮੈਡ. ਡੀ. ਅਸਟੀਲ
- ਨਾਰੀ ਨੂੰ ਜਿੰਨਾ ਅਸਾਂ ਦੂਰ ਕਰਕੇ, ਹੀਣ ਕਰਕੇ ਜਾਣਿਆ ਹੈ, ਸਾਡੀ ਮਰਦਾਨਗੀ ਵੀ ਉੱਨੀ ਕਮਜ਼ੋਰ ਹੋ ਕੇ ਮਰੀ ਹੈ। —ਟੈਗੋਰ
- ਇਸਤ੍ਰੀ ਅਹਿੰਸਾ ਦੀ ਮੂਰਤੀ ਹੈ —ਮਹਾਤਮਾ ਗਾਂਧੀ
- ਇਸਤ੍ਰੀ ਦਾ ਆਦਰ ਕਿਸੇ ਕੌਮ ਦੇ ਸਭਿਆਚਾਰ ਦਾ ਨਾਪ ਹੁੰਦਾ ਹੈ। — ਗੁਰਬਖਸ਼ ਸਿੰਘ ਪ੍ਰੀਤਲੜੀ



Namdhari Elibrary NamdhariElibrary@gmail.com

ਕਹਾਣੀ

# ਖ਼ਿਮਾਂ ਮੰਗਣ ਤੋਂ ਪਹਿਲਾਂ

ਮਹਿੰਦਰ ਸਿੰਘ 'ਦੋਸਾਂਝ'

ਕਈ ਵਰ੍ਹਿਆਂ ਤੋਂ ਲਿਖ ਰਿਹਾ ਹੈ ਕਵਿਤਾ ਵੀ ਤੇ ਕਹਾਣੀ ਵੀ। ਪਹਿਲਾਂ ਬਹੁਤਾ ਚਿਰ ਕਵਿਤਾ ਨੂੰ ਹੀ ਪ੍ਰਣਾਇਆ ਰਿਹਾ ਪਰ 'ਘੁੱਗ ਵਸਦਾ' ਲਿਖਦਾ ਰਿਹਾ। ਕਈ ਹੌਰ ਆਏ, ਲੰਘ ਗਏ, ਉਹ ਕਵਿਤਾ ਲਿਖਦਾ ਰਿਹਾ। ਅਜ ਕਲ ਕਹਾਣੀ ਤੇ ਵੀ ਹੱਥ ਅਜ਼ਮਾਈ ਕਰ ਰਿਹਾ ਹੈ। ਕਹਾਣੀ ਵਿਚ ਆਪਣੀ ਗੱਲ ਤਾਂ ਕਹਿੰਦਾ ਹੀ ਹੈ, ਸੁਰਮਈ ਬਿਆਨ ਨਾਲ ਵੀ ਪਾਠਕਾਂ ਦਾ ਮਨ ਮੋਹ ਲੈਂਦਾ ਹੈ।

—ਸੰਪਾਦਕ

ਪਿੰਡ ਦੇ ਸਾਰੇ ਲੋਕ ਉਸ ਨੂੰ ਦੇਵੀ ਸਮਝਦੇ ਸਨ ਤੇ ਜਿਥੇ ਕਿਤੇ ਵੀ ਉਹਦੇ ਬਾਰੇ ਗੱਲ ਚਲਦੀ ਲੋਕ ਆਖਦੇ— "ਗੱਜਣ ਸਿਹੁੰ ਦੀ ਵਹੁਟੀ ਤਾਂ ਸਾਊ ਏ। ਨਿਰੀ ਸ਼ਾਂਤੀ ਦਾ ਸੋਮਾ! ਹੱਸਦੀ ਦੇ ਮੂੰਹ 'ਚੋਂ ਜਿਵੇਂ ਫੁਲ ਕਿਰਦੇ ਆ।"

ਕਈ ਆਖਦੇ ਸਨ—ਪਿਛਿਓਂ ਇਹ ਬੜੇ ਵੱਡੇ ਘਰਾਣੇ ਦੀ ਧੀ ਏ, ਇਸੇ ਲਈ ਮਹਾਂ ਰਾਣੀਆ ਵਾਂਗ ਰਹਿੰਦੇ ਏ।" ਆਪ ਉਹ ਸਾਫ਼ ਸੁਥਰੇ ਕਪੜੇ ਪਹਿਨਦੀ, ਬੱਚਿਆਂ ਨੂੰ ਨੁਹਾ ਕੇ ਖ਼ੂਬਸੂਰਤ ਧੋਤੇ ਹੋਏ ਕੱਪੜੇ ਪਹਿਨਾਉਂਦੀ, ਉਹਦੇ ਨਿੱਕੇ ਨਿੱਕੇ ਦੋ ਬੱਚੇ ਸਨ, ਕੁੜੀ ਸੱਤ ਸਾਲ ਦੀ ਤੇ ਮੁੰਡਾ ਪੰਜ ਸਾਲ ਦਾ, ਬੱਚਿਆ ਦੇ ਮੂੰਹ ਸਦਾ ਹਸੂੰ ਹਸੂੰ ਕਰਦੇ ਰਹਿੰਦੇ, ਜਿਵੇਂ ਪਹੁ ਦੇ ਸੱਜਰੇ ਖਿੜੇ ਫੁੱਲ ਹੋਣ, ਸਾਰਾ ਸਾਰਾ ਦਿਨ ਘਰ 'ਚ ਬੱਚਿਆਂ ਦੇ ਹਾਸੇ ਛਣਕਦੇ ਰਹਿੰਦੇ, ਸਾਰਾ ਸਾਰਾ ਦਿਨ ਘਰ 'ਚ ਬੱਚਿਆਂ ਦੀਆਂ ਚੰਚਲ ਗੱਲਾਂ ਦਾ ਸੰਗੀਤ ਥਰ੍ਹਕਦਾ ਰਹਿੰਦਾ, ਸਾਰਾ ਸਾਰਾ ਦਿਨ ਘਰ ਦੇ ਵਾਤਾਵਰਨ ਵਿਚ ਬਚਿਆਂ ਦੀਆਂ ਸੱਜਰੀਆਂ ਮੁਸਕਾਨਾ ਜਿਵੇਂ ਸੁਖਾਵੀਂ ਮਹਿਕ ਵਾਂਗ ਖਿਲਰੀਆਂ ਰਹਿੰਦੀਆਂ, ਘਰ ਵਿਚ ਕੋਈ ਬਹਾਰ ਸੀ, ਜੋ ਸਦਾ ਰਤੁਤ ਉਤੇ ਰਹਿਦੀ, ਘਰ ਸੀ ਜਿਵੇਂ ਗੁਲਿਸਤਾਂ ਹੋਵੇ, ਸਾਰੇ ਲੋਕ ਕਹਿੰਦੇ ਸਨ "ਗੱਜਣ ਸਿਹੁੰ ਦੇ ਘਰ 'ਚ ਪਤਾ ਨੀ ਕੇਹਾ ਜਾਦੂ ਏ, ਉਥੇ ਜਾ ਕੇ ਸਾਡੀਆਂ ਤੀਮੀਆਂ ਨੂੰ ਆਪਣੇ ਘਰ ਮੁੜਨ ਦਾ ਖਿਆਲ ਨਹੀਂ ਆਉਂਦਾ।"

ਗੱਜਣ ਸਿੰਘ ਦੀ ਤਰੀਮਤ ਦੀ ਅਵਾਜ਼ ਇੰਝ ਸੀ ਜਿਵੇਂ ਸ਼ਹਿਦ ਵਿਚੋਂ ਡੁੱਬ ਕੇ ਨਿਕਲੀ ਹੋਵੇ। ਜਦੋਂ ਉਹ ਬੋਲਦੀ ਵੱਡੇ ਵੱਡੇ ਕਰੋਧੀਆਂ ਦੇ ਕਰੋਧ ਨੂੰ ਸਰਦ ਕਰਕੇ ਰੱਖ ਦਿੰਦੀ, ਜਦੋਂ ਉਹ ਹਸਦੀ ਤਾਂ ਦੂਜਿਆਂ ਦੀ ਆਤਮਾ ਵਿਚ ਕੋਈ ਸੁਰਖ ਸ਼ਮ੍ਹਾ ਬਾਲ ਦਿੰਦੀ।

ਉੱਚਾ ਕਦੇ ਉਹ ਕਿਸੇ ਨੂੰ ਬੋਲਦੀ ਨਾਂ, ਉਸ ਦੀ ਨਿਰਮਾਣਤਾ ਤੇ ਸਹਿਨ ਸ਼ੀਲਤਾ ਦੇ ਥਾਂ ਥਾਂ ਚਰਚੇ ਸਨ ਸਾਰੇ ਪਿੰਡ ਦੇ ਲੋਕ ਉਸਦੀਆਂ ਸਿਫ਼ਤਾ ਕਰਦੇ. ਪਰ ਉਨ੍ਹਾਂ ਦੀਆਂ ਜ਼ਬਾਨਾ ਥੱਕਦੀਆਂ ਨਾ।

ਪਿਛਿਓਂ ਉਹ ਸੱਚ ਮੁਚ ਬੜੇ ਵੱਡੇ ਘਰਾਣੇ ਦੀ ਧੀ ਸੀ, ਪਰ ਇਥੇ ਅਗੇ ਉਸ ਨੂੰ ਉਜੱਡ ਕਿਸਮ ਦਾ ਸ਼ਰਾਬੀ ਆਦਮੀ ਮਿਲ ਗਿਆ ਸੀ, ਰਹਿਣ ਲਈ ਬੇਢੱਬਾ ਜਿਹਾ ਕੱਚਾ ਘਰ ਮਿਲਿਆ ਸੀ, ਸਾਰੀ ਸਾਰੀ ਰਾਤ ਚੂਹੇ ਛੱਤਾਂ 'ਚੋਂ ਮਿੱਟੀ ਖਿਲਾਰਦੇ ਰਹਿੰਦੇ, ਕੰਧਾਂ ਨਾਲੋਂ ਵੱਡੇ ਵੱਡੇ ਲੇਅ ਲਹਿ ਕੇ ਡਿਗਦੇ ਰਹਿੰਦੇ, ਮੀਂਹ ਵਰ੍ਹਦਾ ਤਾਂ ਕੰਧਾਂ ਨਾਲੋਂ ਸਲਾਭ ਨਾ ਲਹਿੰਦੀ, ਪਰ ਉਹ ਕਦੇ ਪ੍ਰੇਸ਼ਾਨ ਨਾ ਹੁੰਦੀ, ਕਦੇ ਨਿਰਾਸ



Namdhari Elibrary NamdhariElibrary@gmail.com

ਨਾ ਹੁੰਦੀ, ਕਦੇ ਆਪਣੀ ਕਿਸਮਤ ਨਾਲ ਗਿਲਾ ਨਾ ਕਰਦੀ, ਨਾ ਕਦੇ ਆਪਣੇ ਆਦਮੀ ਨੂੰ ਨਿੰਦਦੀ।

ਸਹਿਜੇ ਸਹਿਜੇ ਘਰ 'ਚ ਉਸ ਨੇ ਸੱਜਰਾ ਸੁਹੱਪਣ ਪੈਦਾ ਕਰ ਲਿਆ, ਸਾਰਾ ਸਾਰਾ ਦਿਨ ਉਹ ਕੰਧਾਂ 'ਤੇ ਪਾਂਡੂ ਫੇਰਦੀ, ਕਾਲੀਆਂ ਕੰਧਾਂ ਨੂੰ ਚਿੱਟਾ ਨਵਾਂ ਰੂਪ ਚੜ੍ਹ ਜਾਂਦਾ, ਸਾਰਾ ਸਾਰਾ ਦਿਨ ਉਹ ਘਰ ਲਿੱਪਦੀ ਸੁਆਰਦੀ ਰਹਿੰਦੀ ਤੇ ਘਰ 'ਚੋਂ ਮਿੱਟੀ ਦੀ ਸੋਂਧੀ ਸੋਂਧੀ ਵਾਸ਼ਨਾ ਆਉਂਦੀ ਰਹਿੰਦੀ, ਲੋਕ ਕਹਿੰਦੇ—"ਗੱਜਣ ਸਿਹੁੰ ਦੀ ਬਹੂ ਤਾਂ ਉਹਦੇ ਘਰ 'ਚ ਚੰਨ ਵਾਂਗ ਚੜ੍ਹੀ ਏ, ਸਾਰਾ ਘਰ ਝਮ ਝਮ ਕਰਦਾ ਏ, ਜਿਵੇਂ ਕਿਤੇ ਸ਼ੀਸ਼ਾ ਹੋਵੇ।"

ਤੇ ਫੇਰ ਕਈ ਵਾਰ ਸ਼ਰਾਬ ਨਾਲ ਰਜਿਆ, ਨਸ਼ੇ ਵਿਚ ਧੁੱਤ, ਗੱਜਣ ਸਿੰਘ ਘਰ ਆਉਂਦਾ, ਦੋ ਤਿੰਨ ਬੰਦੇ ਉਸ ਨੂੰ ਫੜ ਕੇ ਘਰ ਛਡਣ ਆਏ ਹੁੰਦੇ ਤੇ ਉਹ ਆਉਂਦਿਆਂ ਆਪਣੀ ਔਰਤ ਨੂੰ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦਿੰਦਾ—"ਕੰਜਰ ਦੀਏ! ਕੁੱਤੀ ਦੀਏ ਨਾਰੇ" !! ਰੋਟੀ ਲਿਆ ਪਾ ਕੇ ਆਪਣੇ ਪਤੰਦਰ ਲਈ। ਸਾਰਾ ਦਿਨ ਕੀ ਆਪਣੀ ਮਾਂ ਦਾ ਦਾਜ ਬਣਾਉਂਦੀ ਰਹਿਨੀਂ ਏਂ ? ਕਰਦਾ ਤੇਰੇ ਗਿੱਟੇ ਹੌਲੇ ਮਾਂ ਜਾਣੀ ਦੇ!"

ਗੱਜਣ ਸਿੰਘ ਨੂੰ ਛੱਡਣ ਆਏ ਉਹਦੇ ਮਿੱਤਰ, ਗਾਲ੍ਹਾਂ ਸੁਣ ਕੇ ਖਿਸਕ ਜਾਂਦੇ, ਬੱਚੇ ਸਹਿਮ ਕੇ ਮਾਂ ਦੇ ਗਲ ਨਾਲ ਲੱਗ ਜਾਂਦੇ ਤੇ ਉਹ ਰੋਟੀ ਪਾ ਕੇ ਗੱਜਣ ਸਿੰਘ ਦੇ ਅੱਗੇ ਧਰ ਦਿੰਦੀ, ਪਾਣੀ ਗਰਮ ਕਰਦੀ ਤੇ ਉਹਦੇ ਪੈਰ ਧੋਣ ਬਹਿ ਜਾਂਦੀ।

ਪਰ ਗੱਜਣ ਸਿੰਘ ਦੀਆਂ ਗਾਲ੍ਹਾਂ ਸਨ ਕਿ ਗੰਨੇ ਦੀਆਂ ਛਿੱਲਾਂ ਵਾਂਗ ਉਧੱੜਦੀਆਂ ਚਲੇ ਜਾਂਦੀਆਂ।

"ਮਾਂ ਦੇ ਖ਼ਸਮ ਦੀਏ! ਉੱਠ ਖੜ੍ਹ ਬਿਸਤਰਾ ਵਿਛਾ ਦੇ ਆਪਣੇ ਲਗਦੇ ਨੂੰ, ਬਹਿ ਗਈਆਂ ਜਿੱਦਾਂ ਮਾਂ ਦੇ ਜਾਰ ਦੀ ਮੁਕਾਣੇ ਆਈ ਹੁੰਨੀ ਏਂ।

ਉਹ ਉਠਦੀ ਬਿਸਤਰਾ ਵਿਛਾ ਦਿੰਦੀ, ਫੇਰ ਗੱਜਣ ਸਿੰਘ ਦੇ ਮੰਜੇ ਦੀ ਪਵਾਂਦੀ ਬੈਠ ਕੇ ਉਹਦੀਆਂ ਲੱਤਾਂ ਉਦੋਂ ਤਕ ਘੁੱਟਦੀ ਰਹਿੰਦੀ ਜਦ ਤਕ ਉਹ ਸੌਂ ਨਾ ਜਾਂਦਾ।

ਲੋਕ ਗੱਜਣ ਸਿੰਘ ਦੀਆਂ ਗਾਲ੍ਹਾਂ ਸੁਣਦੇ ਤੇ ਆਖਦੇ: ਗੱਜਣ ਸਿਹੁੰ ਤਾਂ ਨਿਰਾ ਬਹੁਸ਼ ਏ ਬਹੁਸ਼! ਬੇਕਦਰਿਆਂ ਨੇ ਲਾਜਵੰਤੀ ਦੇ ਬੂਟੇ ਨਾਲ ਸੰਢਾ ਬੰਨ੍ਹ ਛੱਡਿਆ ਏ!!"

ਸਵੇਰ ਹੁੰਦੀ, ਗੱਜਣ ਸਿੰਘ ਜਾਗਦਾ ਪਰ ਉਹ ਉਹਦੇ ਨਾਲ ਬੋਲਦੀ ਨਾ, ਕਿੰਨਾ ਕਿੰਨਾ ਚਿਰ ਗੱਜਣ ਸਿੰਘ ਉਹਦੇ ਨਾਲ ਗੱਲਾਂ ਤੋਰਨ ਦਾ ਯਤਨ ਕਰਦਾ ਰਹਿੰਦਾ, ਪਰ ਉਹ ਕੁਸਕਦੀ ਤਕ ਨਾ, ਫੇਰ ਉਹ ਰਾਤ ਵਾਲੇ ਵਤੀਰੇ ਕਾਰਨ ਮੁਆਫ਼ੀ ਮੰਗ ਲੈਂਦਾ ਤਾਂ ਕਿਤੇ ਜਾ ਕੇ ਉਹ ਗੱਜਣ ਸਿੰਘ ਵਲ ਆਪਣਾ ਹੱਸਦਾ ਮੂੰਹ ਕਰਕੇ ਬਹਿੰਦੀ।

ਉਹਦੇ ਘਰ ਕੰਮ ਭਾਵੇਂ ਏਡਾ ਕੋਈ ਨਾ ਹੁੰਦਾ ਪਰ ਉਹਦੀ ਔਰਤ ਦੇ ਸੁਭਾਅ ਵਿਚ ਕੋਈ ਖਿੱਚ ਹੋਣ ਕਾਰਨ ਪਿੰਡ ਦੇ ਲਾਗੀ ਤੇ ਕੰਮੀ ਉਹਦੇ ਨਿੱਕੇ ਨਿੱਕੇ ਕੰਮ ਕਰਨ ਉਹਦੇ ਘਰ ਆਏ ਰਹਿੰਦੇ, ਉਹਦੀ ਔਰਤ ਉਹਨਾਂ ਨੂੰ ਰੱਜਵੀਂ ਰੋਟੀ ਚਾਹ ਦਿੰਦੀ, ਮਾਮੂਲੀ ਹੰਢਾਏ ਵੰਨ ਸੁਵੰਨੇ ਕਪੜੇ ਦੇ ਦਿੰਦੀ. ਉਹ ਦੇ ਘਰ ਕੰਮ ਕਰਨ ਆਏ ਗ਼ਰੀਬ ਲੋਕ ਖ਼ੁਸ਼ੀ ਨਾਲ ਡੁੱਲ੍ਹ ਡੁੱਲ੍ਹ ਜਾਂਦੇ ਦਿਲ ਲੈ ਕੇ ਆਪਣੇ ਘਰਾਂ ਨੂੰ ਮੁੜਦੇ।

ਗਰੀਬ ਮਿਹਨਤਕਸ਼ ਲੋਕਾਂ ਦੀਆਂ ਤ੍ਰੀਮਤਾਂ ਗੱਜਣ ਸਿੰਘ ਦੇ ਘਰ ਉਹਦੀ ਤ੍ਰੀਮਤ ਦਾ ਹਥ ਵਟਾਉਣ ਆਈਆਂ ਰਹਿੰਦੀਆਂ, ਉਹ ਉਹਨਾਂ ਦੀ ਹਰ ਲੋੜ ਪੂਰੀ ਕਰਦੀ, ਇਹ ਗੱਲ ਆਮ ਪ੍ਰਚਲਤ ਸੀ ਕਿ ਉਹਦੇ ਘਰੋਂ ਕਦੇ ਕੋਈ ਨਿਰਾਸ਼ ਨਹੀਂ ਸੀ ਮੁੜਿਆ।

ਪਿੰਡ ਦੀ ਕਿਸੇ ਇਸਤਰੀ ਨੇ ਵਾਂਢੇ ਜਾਣਾ ਹੁੰਦਾ ਤਾਂ ਗੱਜਣ ਸਿੰਘ ਦੀ ਔਰਤ ਦੇ ਕਪੜੇ ਮੰਗ ਕੇ ਲੈ ਜਾਂਦੀ, ਕਿਸੇ ਦੇ ਘਰ ਕੋਈ ਪ੍ਰਾਹੁਣਾ ਆ ਜਾਂਦਾ ਤਾਂ ਦਾਲ ਸਬਜ਼ੀ ਗੱਜਣ ਸਿੰਘ ਦੇ ਘਰੋਂ ਮੰਗਵਾਈ ਜਾਂਦੀ, ਲੋਕਾਂ ਦਾ ਖਿਆਲ ਸੀ ਕਿ "ਗੱਜਣ ਦੀ ਬਹੂ ਵਰਗੀ ਦਾਲ ਸਬਜ਼ੀ ਹੋਟਲਾਂ ਵਾਲੇ ਦੋਬਾਰਾ ਜੰਮ ਕੇ ਵੀ ਨਹੀਂ ਬਣਾ ਸਕਦੇ।"

ਗਜਣ ਸਿੰਘ ਦੇ ਸਾਲੇ ਕਈ ਵਾਰ ਉਹਨਾਂ ਨੂੰ ਮਿਲਣ ਲਈ ਉਹਨਾਂ ਦੇ ਘਰ ਆਉਂਦੇ, ਪਰ ਉਹ ਫੇਰ ਵੀ ਆਪਣੀ ਔਰਤ ਨੂੰ ਗਾਲ੍ਹਾਂ ਕੱਢਦਾ ਰਹਿੰਦਾ, ਪਰ ਉਹਦੀ ਔਰਤ ਆਪਣੇ ਭਰਾਵਾਂ ਨੂੰ ਨਾਰਾਜ਼ ਨਾ ਹੋਣ ਦਿੰਦੀ। ਗਜਣ ਸਿੰਘ ਦਾ ਸਹੁਰਾ ਬਹੁਤ ਸਾਰੀਆਂ ਚੀਜ਼ਾਂ ਲੈ ਕੇ ਆਪਣੀ ਧੀ ਨੂੰ ਮਿਲਣ ਆਉਂਦਾ ਪਰ ਗਜਣ ਸਿੰਘ ਜੁੱਤੀ ਦੀ ਠੁੱਡ ਮਾਰ ਕੇ ਚੀਜ਼ਾਂ ਪਰ੍ਹੇ ਰੋੜ੍ਹ ਛੱਡਦਾ, ਕਈ ਵਾਰ ਉਹ ਆਪਣੀ ਮਾਂ ਨੂੰ ਵੀ ਗਾਲ੍ਹਾਂ ਕੱਢ ਲੈਂਦਾ ਪਰ ਉਹਦੀ ਬੀਵੀ ਆਪਣੀ



Namdhari Elibrary NamdhariElibrary@gmail.com

ਸੱਸ ਨਾਲੋਂ, ਆਪਣਾ ਗੂੜ੍ਹਾ ਤੇ ਪਵਿੱਤਰ ਮੋਹ ਟੁੱਟਣ ਨਾ ਦਿੰਦੀ।

ਤੇ ਫੇਰ ਇਕ ਦਿਨ – ਅਚਾਨਕ ਹੀ, ਗੱਜਣ ਸਿੰਘ ਦੀ ਬੀਵੀ ਬਿਮਾਰ ਹੋ ਗਈ, ਗੱਜਣ ਸਿੰਘ ਦੀ ਸ਼ਰਾਬ ਮਿੱਟੀ ਵਿਚ ਉਤਰ ਗਈ, ਉਹ ਭੱਜਾ ਭੱਜਾ ਗਿਆ, ਪਿੰਡ ਵਿਚ ਰਹਿੰਦੇ ਡਾਕਟਰ ਨੂੰ ਬੁਲਾ ਲਿਆਇਆ, ਡਾਕਟਰ ਨੇ ਟੀਕਾ ਲਾਇਆ ਪਰ ਬਿਮਾਰੀ ਨੂੰ ਕੋਈ ਫਰਕ ਨਾ ਪਿਆ।

ਕੁੱਝ ਸਿਆਣਿਆਂ ਨੇ ਸਲਾਹ ਤੇ ਸਹਾਇਤਾ ਦਿੱਤੀ, ਇੱਕ ਜੱਟ ਨੇ ਗੱਡਾ ਜੋੜ ਕੇ ਲਿਆਂਦਾ ਤੇ ਉਹ ਆਪਣੀ ਬੀਵੀ ਦਾ ਮੰਜਾ ਗੱਡੇ 'ਤੇ ਰੱਖ ਕੇ ਨੇੜੇ ਦੇ ਸ਼ਹਿਰ ਪ੍ਰਾਇਮਰੀ ਸਿਹਤ ਕੇਂਦਰ ਵਿੱਚ ਲੈ ਗਿਆ, ਪਰ ਉਥੋਂ ਦੇ ਡਾਕਟਰ ਨੇ ਸਲਾਹ ਦਿੱਤੀ — 'ਇਹਦੀ ਬਿਮਾਰੀ ਬਚਾਅ ਵਾਲੀ ਸਟੇਜ 'ਚੋਂ ਲੰਘਦੀ ਜਾ ਰਹੀ ਏ, ਇਸ ਨੂੰ ਹੁਣੇਂ ਹੀ ਜ਼ਿਲੇ ਦੇ ਵੱਡੇ ਹੱਸਪਤਾਲ ਵਿੱਚ ਲੈ ਜਾਓ, ਸ਼ਾਇਦ ਬਚਾਅ ਹੋ ਜਾਵੇ।"

ਜ਼ਿਲੇ ਦੇ ਵੱਡੇ ਹੱਸਪਤਾਲ ਤੱਕ ਆਪਣੀ ਬਿਮਾਰ ਔਰਤ ਨੂੰ ਲਿਜਾਣ ਜੋਗੇ ਪੈਸੇ ਗੱਜਣ ਸਿੰਘ ਕੋਲ ਨਹੀਂ ਸਨ, ਨੱਸਾ ਨੱਸਾ ਉਹ ਪਿੰਡ ਆਇਆ। ਉਹਦੇ ਇੱਕ ਬਹੁਤ ਕਰੀਬੀ ਦੋਸਤ ਨੇ, ਨੇੜੇ ਦੇ ਕਸਬੇ ਵਿੱਚ ਉਹਦੇ ਨਾਲ ਜਾ ਕੇ, ਉਥੋਂ ਦੇ ਇੱਕ ਬੈਂਕ 'ਚੋਂ ਆਪਣੇ ਨਾਮ ਜਮ੍ਹਾਂ ਰੁਪਈਆਂ ਵਿਚੋਂ ਇੱਕ ਹਜ਼ਾਰ ਰੁਪਿਆ ਉਸਨੂੰ ਚੁੱਕ ਦਿੱਤਾ। ਫੇਰ ਉਸਨੇ ਉਥੋਂ ਕਾਰ ਕੀਤੀ ਤੇ ਬਿਮਾਰੀ ਨਾਲ ਔਖੀ ਆਪਣੀ ਬੀਵੀ ਨੂੰ ਲੈਕੇ ਵੱਡੇ ਹਸਪਤਾਲ ਵਲ ਚੱਲ ਪਿਆ।

ਕਾਰ ਵਿੱਚ ਬੈਠਿਆਂ ਉਸਨੇ ਮਹਿਸੂਸ ਕੀਤਾ ਜਿਵੇਂ ਉਸਦੀ ਬੀਵੀ ਉਸ ਨੂੰ ਕੋਈ ਗੱਲ ਦਸਣੀ ਚਾਹੁੰਦੀ ਹੋਵੇ ਪਰ ਬੋਲ ਨਾ ਸਕਦੀ ਹੋਵੇ, ਉਹ ਉਹਦੇ ਉੱਤੇ ਝੁਕ ਗਿਆ, ਉਸ ਨੇ ਅੱਜ ਪਹਿਲੀ ਵਾਰ ਆਪਣੀ ਪਤਨੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਤੇ ਉਸ ਨੂੰ ਆਪਣੀ ਬੀਵੀ ਦੀਆਂ ਅੱਖਾਂ 'ਚੋਂ ਜਿਵੇਂ ਕੋਈ ਤਰਲਾ ਸਾਕਾਰ ਹੁੰਦਾ ਜਾਪਿਆ, ਗੱਜਣ ਸਿੰਘ ਨੇ ਅੱਜ ਪਹਿਲੀ ਵਾਰ ਆਪਣੀ ਬੀਵੀ ਲਈ ਕੋਈ ਅੰਤਾਂ ਦਾ ਮੋਹ ਆਪਣੇ ਅੰਦਰ ਜਾਗਦਾ ਮਹਿਸੂਸ ਕੀਤਾ, ਉਸ ਨੇ ਆਪਣੀ ਪਤਨੀ ਦੇ ਬੇਬੱਸ ਨੈਣਾਂ ਵਿਚੋਂ ਆਪਣੀ ਉਜੜਦੀ ਤੇ ਆਬਾਦ ਹੁੰਦੀ ਦੁਨੀਆਂ ਦੇ ਝਾਉਲੇ ਪੈਂਦੇ ਵੇਖੇ ਤੇ ਪਲ ਦੇ ਪਲ ਲਈ ਉਸਦੇ ਆਪਣੇ ਵਲੋਂ, ਆਪਣੀ ਪਤਨੀ ਨਾਲ ਕੀਤੀਆਂ ਬੇ-ਇਨਸਾਫੀਆਂ ਤੇ ਜਬਰ ਦੀ ਸਾਰੀ ਕਹਾਣੀ ਉਹਦੀਆਂ ਅੱਖਾਂ ਅਗਿਓਂ ਫਿਲਮ ਵਾਂਗ ਉਧੜਨ ਲੱਗ ਪਈ। ਕੋਈ ਸੰਘਣੀ ਚੀਸ ਉਹਦੇ ਸਿਰ ਤੋਂ ਤੁਰ ਕੇ ਪੈਰਾਂ ਦੇ ਨਹੁੰਆਂ ਤੱਕ ਲਹਿ ਗਈ ਉਸਨੂੰ ਜਾਪੀ।

ਹਸਪਤਾਲ ਪਹੁੰਚ ਕੇ ਕਈ ਦਵਾਈਆਂ ਦਿੱਤੀਆਂ, ਕਈ ਟੀਕੇ ਲਾਏ ਪਰ ਉਹਦੀ ਬੀਵੀ ਕੇਵਲ ਏਨਾ ਹੀ ਆਖ ਸਕੀ— —"ਡਾਕਟਰ ਸਾਬ੍ਹ ਮੈਨੂੰ ਬਚਾ ਲਓ! ਮੇਰੇ ਬੱਚੇ ਅਜੇ ਬਹੁਤ ਨਿੱਕੇ ਨਿੱਕੇ ਆ......।" ਤੇ ਉਹਦਾ ਸਿਰ ਗੱਜਣ ਸਿੰਘ ਦੀ ਗੋਦ ਵਿਚ ਲੁੜਕ ਗਿਆ, ਕੋਲ ਖਲੋਤਿਆਂ ਦੇ ਨੈਣ ਹੰਝੂਆਂ ਨਾਲ ਭਰ ਆਏ। ਅੱਜ ਪਹਿਲੀ ਵਾਰ ਸੀ ਕਿ ਗੱਜਣ ਸਿੰਘ ਨੂੰ ਉਹਦੇ 'ਤੇ ਅੰਤਾਂ ਦਾ ਪਿਆਰ ਆਇਆ ਸੀ, ਅੱਜ ਪਹਿਲੀ ਵਾਰ ਸੀ ਕਿ ਉਹ ਆਪਣੀ ਪਤਨੀ ਦੀਆਂ ਅੱਖੀਆਂ ਵਿਚ ਅੱਖੀਆਂ ਪਾ ਕੇ ਮੋਹ ਭਰੀਆਂ ਗੱਲਾਂ ਕਰਨੀਆ ਚਾਹੁੰਦਾ ਸੀ, ਪਰ ਉਹ ਵੇਲਾ ਹੁਣ ਦੂਰ, ਪਿੱਛੇ ਕਿਤੇ ਰਹਿ ਗਿਆ ਸੀ, ਹੁਣ ਤਾਂ ਉਹਦੀ ਬੀਵੀ ਦੀ ਗੋਰੀ ਨਾਜ਼ੁਕ ਸੰਦਲ ਦੀ ਗੇਲੀ ਵਰਗੀ ਦੇਹ ਸੁੰਨ ਹੋਈ ਪਈ ਸੀ, ਜਿੰਦਹੀਣ ਦੇਹ! ਮਾਸ ਦੀ ਢੇਰੀ!!

ਉਹ ਧਾਹੀਂ ਰੋ ਪਿਆ, ਲਾਸ਼ ਕਾਰ ਵਿਚ ਰੱਖੀ, ਲੋਕ ਪਿੰਡ ਆ ਪੁੱਜੇ ਜਿਥੇ ਨਿੱਕੇ ਨਿੱਕੇ ਬਲੂਰ ਜਿਹੇ ਬੱਚੇ ਆਪਣੀ ਮਾਂ ਦੀ ਗੋਦੀ ਦੇ ਨਿੱਘ ਦੀ ਉਡੀਕ ਕਰ ਰਹੇ ਸਨ।

ਪਿੰਡ ਪਹੁੰਚਦਿਆਂ ਸਵੇਰ ਦੇ ਦਸ ਵੱਜ ਗਏ, ਪਰ ਸੀਤਾ ਅਜੇ ਵੀ ਅੜਿਆ ਬੈਠਾ ਸੀ ਕਿ "ਮਾਂ ਆਈ 'ਤੇ ਹੀ ਸਕੂਲੇ ਜਾਣਾ।"

ਪੰਮੀ ਨੇ ਅਜੇ ਤਕ ਚਾਹ ਨਹੀਂ ਸੀ ਪੀਤੀ, ਉਹ ਕਹਿੰਦੀ ਸੀ 'ਮਾਂ ਆਈ 'ਤੇ ਕੱਠੇ ਚਾਹ ਪੀਆਂਗੇ!"

ਪਰ ਇਹ ਦਿਨ ਹੋਰ ਦਿਨਾਂ ਵਰਗਾ ਨਹੀਂ ਸੀ, ਏਸ ਦਿਨ ਤਾਂ ਤਕਦੀਰ ਨੇ ਉਹਨਾਂ ਨੂੰ ਧੋਖਾ ਦੇ ਦਿਤਾ ਸੀ, ਏਸ ਦਿਨ ਉਹਨਾਂ ਦੀ ਮਾਂ ਆਪਣੇ ਹਾਸੇ ਲੈ ਕੇ ਨਹੀਂ ਸੀ ਮੁੜੀ, ਉਹਦੀ ਲਾਸ਼ ਆ ਗਈ ਸੀ।

ਹੰਝੂਆਂ ਨਾਲ ਭਰੀਆਂ ਅੱਖਾਂ ਲੈ ਕੇ ਗੱਜਣ ਸਿੰਘ ਵਿਹੜੇ ਦੇ ਵਿਚਕਾਰ ਬਹਿ ਗਿਆ, ਲੋਕ ਦਿਲਾਸੇ ਦੇਣ ਲੱਗ



Namdhari Elibrary NamdhariElibrary@gmail.com

ਪਏ, ਪਰ ਉਹਦਾ ਰੋਣ ਸੀ ਕਿ ਥੰਮ੍ਹਦਾ ਨਹੀਂ ਸੀ, ਬੱਚੇ ਆਪਣੀ ਮਾਂ ਨੂੰ 'ਵਾਜਾਂ ਮਾਰ ਰਹੇ ਸਨ।

ਗੱਜਣ ਸਿੰਘ ਨੇ ਤਾਂ ਕਦੇ ਚੁੱਲ੍ਹੇ 'ਚ ਅੱਗ ਬਾਲ ਕੇ ਨਹੀਂ ਸੀ ਵੇਖੀ, ਉਸਨੂੰ ਮੁੜ ਮੁੜ ਕੇ ਖਿਆਲ ਆਉਂਦਾ ਕਿ ਉਹਦੀ ਬੀਵੀ ਨੇ ਤਾਂ ਕਦੇ ਬੱਚਿਆਂ ਨੂੰ ਆਪਣੇ ਤੋਂ ਵੱਖ ਨਹੀਂ ਸੀ ਕੀਤਾ, ਹੁਣ ਇਨ੍ਹਾਂ ਦਾ ਕੀ ਬਣੇਗਾ ? ਉਹਦਾ ਆਪਣਾ ਕੀ ਬਣੇਗਾ ? ਗੱਜਣ ਸਿੰਘ ਸੋਚਾਂ 'ਚ ਜਿੰਨਾ ਗਹਿਰਾਈ ਤੱਕ ਜਾਂਦਾ, ਉਸ ਨੂੰ ਓਨਾ ਹੀ ਆਪਣਾ ਭਵਿੱਖ ਬੁਝਿਆ ਬੁਝਿਆ ਜਾਪਦਾ। ਉਸ ਨੂੰ ਅੱਜ ਪਤਾ ਲੱਗਾ ਸੀ ਕਿ ਜ਼ਿੰਦਗੀ ਵਲ ਜ਼ਿੰਮੇਵਾਰ ਹੋਣ ਦੇ ਅਰਥ ਕਿੰਨੇ ਵਿਸ਼ਾਲ ਹਨ ?

ਗੱਜਣ ਸਿੰਘ ਦਾ ਧਿਆਨ ਘੁੰਮਦਾ ਘੁੰਮਦਾ ਘਰ ਦੇ ਵਿਹੜੇ ਵਿਚ ਉਸ ਖੂੰਜੇ ਜਾ ਕੇ ਅਟਕ ਗਿਆ, ਜਿਥੇ ਲਿੱਪਣ ਤੋਂ ਥੋੜ੍ਹਾ ਜਿਹਾ ਥਾਂ ਅਜੇ ਰਹਿੰਦਾ ਸੀ ਤੇ ਉਸ ਥਾਂ ਦੀ ਮਿੱਟੀ ਬਚੀ ਪਈ ਸੀ। ਉਸ ਨੂੰ ਯਾਦ ਆਇਆ ਕਿ ਲਿਪਦਿਆਂ ਹੀ ਅਚਾਨਕ ਉਹਦੀ ਬੀਵੀ ਦੀ ਵੱਖੀ ਵਿਚ ਦਰਦ ਸ਼ੁਰੂ ਹੋ ਗਿਆ ਸੀ, ਉਹ ਵਿਚੇ ਕੰਮ ਛੱਡ ਕੇ ਮੰਜੇ 'ਤੇ ਪੈ ਗਈ ਤੇ ਮੁੜ ਨਾ ਉਠ ਸਕੀ।

ਉਸ ਦੀ ਸੋਚ ਮੁੜ ਅਤੀਤ ਨਾਲ ਜੁੜ ਗਈ, ਉਸ ਨੂੰ ਯਾਦ ਆਇਆ ਪਰਸੋਂ ਉਸਦੀ ਬੀਵੀ ਨੇ ਬਚਿਆਂ ਦੇ ਕੱਪੜੇ ਸਰਫ 'ਚ ਧੋ ਕੇ ਰੱਸੀ ਤੇ ਸੁੱਕਣੇ ਪਾ ਦਿੱਤੇ ਸਨ, ਜੋ ਅਜੇ ਵੀ ਉਂਝ ਦੇ ਉਂਝ ਸੁੱਕ ਰਹੇ ਸਨ, ਨਿੱਕੇ ਮੀਤੇ ਦਾ ਅੱਧ ਬੁਣਿਆ ਸਵੈਟਰ ਉਂਝ ਦਾ ਉਂਝ ਮੰਜੇ 'ਤੇ ਪਿਆ ਸੀ, ਸਲਾਈਆਂ ਵਿੱਚ ਖੁੱਭੀਆਂ ਪਈਆਂ ਸਨ, ਜਿਵੇਂ ਇਹ ਸਲਾਈਆਂ ਉਹਦੀ ਤ੍ਰੀਮਤ ਦੀਆਂ ਰਵ੍ਹਾਹ ਦੀਆਂ ਫਲੀਆਂ ਵਰਗੀਆਂ ਗੋਰੀਆਂ ਨਾਜ਼ੁਕ ਉਂਗਲਾਂ ਦੀ ਛੋਹ ਨੂੰ ਉਡੀਕ ਉਡੀਕ ਕੇ ਨਿਰਾਸ਼ ਹੋ ਚੁੱਕੀਆਂ ਹੋਣ, ਚੁੱਲ੍ਹੇ ਤੇ ਉਸਦੀ ਬੀਵੀ ਦੇ ਹੱਥਾਂ ਨਾਲ ਪਰਸੋਂ ਦੀ ਧਰੀ ਦਾਲ ਉਂਝ ਦੀ ਉਂਝ ਪਈ ਸੀ।

ਇਉਂ ਜਾਪਦਾ ਸੀ ਜਿਵੇਂ ਅੱਗ ਨਾਲ ਗਲਵੱਕੜੀ ਪਾਈ ਕੋਈ ਭਿਆਨਕ ਤੂਫਾਨ ਆਇਆ ਸੀ, ਪਲ ਦੇ ਪਲ 'ਚ ਬਹੁਤ ਕੁੱਝ ਉਲਟ ਪੁਲਟ ਕਰਕੇ ਗੁਜ਼ਰ ਗਿਆ ਸੀ, ਘਰ ਦੇ ਸਾਰੇ ਰੰਗ ਧੁਆਂਖੇ ਗਏ ਸਨ, ਸਾਰੀਆਂ ਰੌਣਕਾਂ ਮਰ ਗਈਆਂ ਸਨ, ਤੇ ਘਰ ਹੁਣ ਇੰਜ ਸੀ ਜਿਵੇਂ ਕੋਈ ਭਿਆਨਕ ਖੰਡਰ ਜਾਂ ਸੁੰਨਸਾਨ ਕਬਰਸਤਾਨ ਹੋਵੇ, ਜਿਸ ਵਿੱਚ ਮੌਤ ਵਰਗੀ ਖਾਮੋਸ਼ੀ ਤੇ ਇਕਾਂਤ ਰਕਸ ਕਰ ਰਹੀ ਸੀ, ਗੱਜਣ ਸਿੰਘ ਦੇ ਸੀਨੇ ਵਿੱਚ ਇਕੋ ਵਾਰੀ ਦਰਦ ਵਰੋਲਾ ਬਣ ਕੇ ਉਠਿਆ ਤੇ ਉਸਦੇ ਸਿਰ ਚੜ੍ਹ ਗਿਆ, ਉਸਨੂੰ ਜ਼ਬਰਦਸਤ ਚੱਕਰ ਆਇਆ ਤੇ ਉਹ ਡਿਗਦਾ ਡਿਗਦਾ ਮਸੀਂ ਬਚਿਆ।

ਫੇਰ ਉਸਨੂੰ ਯਾਦ ਆਇਆ —ਉਸਦੀ ਬੀਵੀ ਬਿਮਾਰ ਹੋਣ ਤੋਂ ਕੁੱਝ ਦਿਨ ਪਹਿਲਾਂ ਹੀ ਆਪਣੇ ਪੇਕਿਆਂ ਤੋਂ ਲੋਹੜੀ ਦਾ ਵਿਆਰ, ਕੱਪੜੇ ਤੇ ਹੋਰ ਕਿੰਨਾ ਕੁੱਝ ਲੈ ਕੇ ਆਈ ਸੀ, ਗਲੀ ਦੀਆਂ ਇਸਤ੍ਰੀਆਂ ਨੂੰ ਵਿਖਾਉਣ ਲਈ ਕੱਪੜੇ ਉਸਨੇ ਬਾਹਰ ਕੱਢੇ ਸਨ, ਤੌਹਾਂ ਖੋਲ੍ਹੀਆਂ ਸਨ, ਅਜੇ ਤਕ ਉਂਝ ਦੇ ਉਂਝ ਕਪੜੇ ਮੰਜੇ 'ਤੇ ਪਏ ਸਨ, ਤੇ ਤੌਹਾਂ ਖੁੱਲ੍ਹੀਆਂ ਪਈਆਂ ਸਨ।

ਇਕ ਚਿੱਟਾ ਸ਼ਾਲ ਲੈਣ ਲਈ ਉਹਦੀ ਬੀਵੀ ਬੜੇ ਚਿਰਾਂ ਤੋਂ ਰੀਝ ਕਰ ਰਹੀ ਸੀ ਪਰ ਉਹ ਲੈ ਕੇ ਨਹੀਂ ਸੀ ਦੇ ਸਕਿਆ ਤੇ ਇਸ ਸਾਲ ਉਹ ਆਪਣੇ ਪੇਕਿਆਂ ਤੋਂ ਚਿੱਟਾ ਸ਼ਾਲ ਲੈ ਆਈ ਸੀ, 'ਇਹ ਕਿਹੋ ਜਿਹਾ ਇਤਫਾਕ ਸੀ ਕਿ ਇਕ ਵਾਰ ਵੀ ਇਹ ਸ਼ਾਲ ਉਹ ਉਤੇ ਲੈਕੇ ਨਾ ਵੇਖ ਸਕੀ।' ਉਹ ਸੋਚ ਰਿਹਾ ਸੀ।

ਪੇਕਿਆਂ ਤੋਂ ਲਿਆਂਦੇ ਲੱਡੂ ਪੀਪੇ ਵਿਚ ਬੰਦ ਪਏ ਸਨ, ਗਲੀ ਮੁਹੱਲੇ ਤੇ ਸ਼ਰੀਕੇ ਵਿਚ ਵੰਡਣ ਦਾ ਸਮਾਂ ਉਸ ਨੂੰ ਤਕਦੀਰ ਨੇ ਨਹੀਂ ਸੀ ਦਿੱਤਾ। ਗੱਜਣ ਸਿੰਘ ਜਿਉਂ ਜਿਉਂ ਉਸਦੀਆਂ ਗਲਾਂ ਦੇ ਚੇਤੇ ਸੱਜਰੇ ਕਰਦਾ, ਉਸਦਾ ਸੀਨਾ ਪੀਤੋ ਪੀੜ ਹੁੰਦੀ ਜਾਂਦਾ।

ਨੇੜੇ ਦੇ ਰਿਸ਼ਤੇਦਾਰ ਤੇ ਪਿੰਡ ਦੇ ਲੋਕ ਆਉਂਦੇ, ਗਜਣ ਸਿੰਘ ਨਾਲ ਉਹਦੀ ਤ੍ਰੀਮਤ ਦੇ ਸੁਭਾਅ ਦੀਆਂ, ਉਹਦੀ ਨਿਰਮਾਣਤਾ ਦੀਆਂ, ਉਹਦੀ ਮਿਲਣਸਾਰੀ ਦੀਆਂ ਤੇ ਉਹਦੇ ਹਸੂੰ ਹਸੂੰ ਕਰਦੇ ਗੁਲਾਬ ਦੇ ਸੱਜਰੇ ਖਿੜੇ ਫੁੱਲ ਵਰਗੇ ਮੁਖੜੇ ਦੀਆਂ ਗੱਲਾਂ ਬੜੇ ਦਰਦ ਭਰੇ ਲਹਿਜੇ ਵਿਚ ਕਰਦੇ ਤੇ ਗੱਜਣ ਸਿੰਘ ਨੂੰ ਹੋਰ ਵੀ ਦੁਖੀ ਤੇ ਪ੍ਰੇਸ਼ਾਨ ਕਰਕੇ ਤੁਰਦੇ ਬਣਦੇ।

ਅਚਾਨਕ ਹੀ ਉਹਦਾ ਨਿੱਕਾ ਪੁੱਤਰ ਮੀਤਾ ਕੰਧ 'ਤੇ ਚੜ੍ਹਕੇ ਰੋਣ ਲੱਗ ਪਿਆ। ਗੱਜਣ ਸਿੰਘ ਦਾ ਗਲਾ ਹੋਰ ਵੀ ਭਰ ਆਇਆ, ਉਸ ਨੂੰ ਯਾਦ ਆਇਆ ਕਿ ਪਹਿਲਾਂ ਉਹਦੀ ਬੀਵੀ ਦੇ ਹੁੰਦਿਆਂ ਮੀਤਾ ਕਈ ਵਾਰ ਕੰਧ 'ਤੇ ਚੜ੍ਹਕੇ ਰੋਣ



Namdhari Elibrary NamdhariElibrary@gmail.com

ਲੱਗ ਪੈਂਦਾ ਹੁੰਦਾ ਸੀ ਤੇ ਆਪ ਉਤਰਦਾ ਨਹੀਂ ਸੀ ਹੁੰਦਾ। ਰੋਣ ਤੋਂ ਮੀਤੇ ਦਾ ਭਾਵ ਹੁੰਦਾ ਸੀ ਕਿ ਮਾਂ ਆ ਕੇ ਕੰਧ ਤੋਂ ਉਤਾਰੇ, ਪਰ ਅੱਜ ਉਹਦੀ ਮਾਂ ਉਸ ਨੂੰ ਕੰਧ ਤੋਂ ਉਤਾਰਨ ਲਈ ਉਠ ਨਹੀਂ ਸੀ ਰਹੀ, 'ਇਹ ਕਿਝ ਦੀ ਨੀਂਦ ਸੀ? ਇਹ ਕਿਝ ਦਾ ਵਖਤ ਸੀ? ਇਹ ਕਿਝ ਦਾ ਦਿਨ ਸੀ?' ਗੱਜਣ ਸਿੰਘ ਸੋਚ ਰਿਹਾ ਸੀ।

ਉਸਦੀ ਬੀਵੀ ਦੇ ਰੇਸ਼ਮੀ ਸਿਆਹ ਵਾਲਾਂ ਦੀ ਗੁੱਤ ਬਿਸਤਰੇ ਉਪਰੋਂ ਦੀ ਮੰਜੇ ਦੇ ਥੱਲੇ ਤਕ ਲਟਕ ਰਹੀ ਸੀ ਤੇ ਉਹਦਾ ਗੋਰਾ ਨਿੱਛੋਹ ਹੱਥ ਬਿਸਤਰੇ 'ਚੋਂ ਬਾਹਰ ਨਿਕਲਿਆ ਹੋਇਆ ਸੀ, ਹੱਥ ਜਿਸ ਵਿਚੋਂ ਹੁਸਨ ਨਹੀਂ ਸੀ ਖਤਮ ਹੋਇਆ, ਹਰਕਤ ਖਤਮ ਹੋ ਗਈ ਸੀ, ਕੇਡਾ ਦਰਦਨਾਕ ਸੀ ਇਹ ਦ੍ਰਿਸ਼!

ਤੇ ਫੇਰ ਦਾਗਾਂ ਤੋਂ ਦੋ ਦਿਨ ਬਾਅਦ ਤਕ ਲੋਕ ਲਗਾ-ਤਾਰ ਉਹਦੇ ਘਰ ਬਹਿੰਦੇ ਉਠਦੇ ਰਹੇ, ਉਸ ਨੂੰ ਮਨ ਤਕੜਾ ਰੱਖਣ ਦੀਆਂ ਨਸੀਹਤਾਂ ਕਰਦੇ, ਅਕਾਲ ਪੁਰਖ ਦਾ ਭਾਣਾ ਮੰਨਣ ਦਾ ਬਲ ਆਪਣੇ ਅੰਦਰ ਪੈਦਾ ਕਰਨ ਦੀਆਂ ਸਿਖਿ-ਆਵਾਂ ਦਿੰਦੇ, ਉਹਦੀ ਪਤਨੀ ਨਾਲ ਆਪਣੇ ਹੋਏ ਬੀਤੇ ਸੁਖਾਵੇਂ ਸਬੰਧਾਂ ਨੂੰ ਬੜੇ ਕਲਾਮਈ ਢੰਗ ਨਾਲ ਬਿਆਨ ਕਰਦੇ। ਉਹਦੀ ਤ੍ਰੀਮਤ ਦੀਆਂ ਕਈ ਸਹੇਲੀਆਂ ਉਹਦੇ ਨਾਲ ਹਮਦਰਦੀ ਵਿਖਾਉਂਦੀਆਂ, ਉਹਦੇ ਬਚਿਆਂ ਲਈ ਦੁਧ ਲਿਆਉਂਦੀਆਂ, ਕਦੀ ਦਾਲ ਸਬਜ਼ੀ ਤੇ ਕਦੀ ਕੁਝ ਹੋਰ ਦੇ ਜਾਂਦੀਆਂ।

ਲਾਗੀਆਂ ਕੰਮੀਆਂ ਦੀਆਂ ਕਈ ਔਰਤਾਂ ਜਿਨ੍ਹਾਂ ਦੇ ਹੱਡੀਂ ਉਹਦੀ ਤ੍ਰੀਮਤ ਦਾ ਮੋਹ ਬਹੁਤ ਡੂੰਘਾ ਰਚ ਗਿਆ ਸੀ, ਉਹਦੇ ਬਚਿਆਂ ਦੇ ਕਪੜੇ ਧੋ ਜਾਂਦੀਆਂ, ਬਚਿਆਂ ਨੂੰ ਨੁਹਾ ਜਾਂਦੀਆਂ, ਰਿਸ਼ਤੇਦਾਰਾਂ 'ਚੋਂ ਇਕ ਸਿਆਣੀ ਇਸਤਰੀ ਉਹਦੇ ਘਰ ਦਾ ਕੰਮ ਸੰਭਾਲਣ ਵਾਸਤੇ ਤੇ ਉਹਦੇ ਬਚਿਆਂ ਦਾ ਜੀਅ ਲਾਉਣ ਵਾਸਤੇ ਕੁਝ ਦਿਨਾਂ ਲਈ ਮਕਾਣ ਨਾਲ ਆਈ ਉਹਦੇ ਘਰ ਰਹਿ ਪਈ।

ਉਹਦੇ ਘਰ ਅਫਸੋਸ ਲਈ ਆਏ ਬਹੁਤ ਸਾਰੇ ਲੋਕ ਉਸਨੂੰ ਵਾਰ ਵਾਰ ਪਾਠ ਹਾਰ ਕਰਨ ਲਈ ਆਖਦੇ, ਕਹਿੰਦੇ "ਪਾਠ ਕਰੇਂਗਾ ਤੇਰਾ ਮਨ ਚੰਗੇ ਪਾਸੇ ਪਊਗਾ, ਸਦਮਾ ਤੈਨੂੰ ਵਿੱਸਰ ਜਾਊਗਾ ਤੇ ਸ਼ਾਂਤੀ ਮਿਲੇਗੀ, ਗੁਰਬਾਣੀ ਤਾਂ ਸਭ ਤਕਲੀਫਾਂ ਤੇ ਦੁਖ ਦਲਿਦਰ ਧੋ ਕੇ ਰੱਖ ਦਿੰਦੀ ਆ।"

ਜਦੋਂ ਵੀ ਉਹ ਇਕੱਲਾ ਹੁੰਦਾ, ਪਾਠ ਕਰਨ ਬਹਿ ਜਾਂਦਾ ਪਰ ਉਹਦਾ ਦਰਦ ਸੀ ਜੁ ਮੱਧਮ ਨਹੀਂ ਸੀ ਹੁੰਦਾ, ਜਦੋਂ ਵੀ ਉਹ ਪਾਠ ਕਰਨ ਬੈਠਦਾ ਉਹਦੀ ਬਿਰਤੀ ਉਖੜ ਜਾਂਦੀ, ਉਸ ਨੂੰ ਜਾਪਦਾ ਜਿਵੇਂ ਉਸਦੀ ਬੀਵੀ ਹੱਸਦੀ ਹੱਸਦੀ ਉਸਦੇ ਸਾਹਮਣੇ ਆ ਖੜੀ ਹੋਵੇ।

ਫੇਰ ਉਹ ਆਪਣੀ ਬਿਰਤੀ ਇਕਾਗਰ ਕਰਕੇ ਪਾਠ ਕਰਨ ਬੈਠਦਾ ਤਾਂ ਜਿਵੇਂ ਉਹਦੀਆਂ ਅੱਖਾਂ ਅੱਗੇ ਉਹਦੀ ਤ੍ਰੀਮਤ ਆਪਣੇ ਬੱਚਿਆਂ ਦੇ ਵਿਛੋੜੇ ਨਾਲ ਵਿਲਕ ਰਹੀ ਹੁੰਦੀ ਤੇ ਉਸ ਨੂੰ ਬੱਚਿਆਂ ਦੀ ਸੰਭਾਲ ਰੱਖਣ ਲਈ ਹਦਾਇਤਾਂ ਦੇ ਰਹੀ ਹੁੰਦੀ।

ਦਿਨ ਵਿਚ ਕਈ ਵਾਰ ਗੱਜਣ ਸਿੰਘ ਪਾਠ ਕਰਕੇ ਆਪਣੇ ਮਨ ਅੰਦਰਲੇ ਜ਼ਖਮ ਸੀਉਣ ਦੇ ਯਤਨ ਕਰਦਾ ਪਰ ਉਹਦੀ ਬੀਵੀ ਦੀ ਯਾਦ ਪਲ ਵਿਚ ਮੁੜ ਉਧੇੜ ਕੇ ਰੱਖ ਦਿੰਦੀ।

ਫੇਰ ਉਹ ਗੁਰਦੁਆਰੇ ਜਾਣ ਲੱਗ ਪਿਆ, ਕਹਿੰਦੇ ਹਨ ਸਵੇਰ ਵੇਲੇ ਜਿਹੜਾ ਖ਼ਿਆਲ ਬੰਦੇ ਦੇ ਦਿਮਾਗ਼ ਵਿੱਚ ਵੜ ਜਾਵੇ ਸਾਰਾ ਦਿਨ ਨਹੀਂ ਨਿਕਲਦਾ। ਅਤੇ ਉਹ ਸਵੇਰੇ ਹੀ ਚਾਹ ਪਾਣੀ ਪੀ ਕੇ ਤੇ ਬੱਚਿਆਂ ਨੂੰ ਪਿਲਾ ਕੇ ਗੁਰਦੁਆਰੇ ਜਾ ਬਹਿੰਦਾ, ਗੁਰਦੁਆਰੇ ਦਾ ਭਾਈ ਉਸ ਨੂੰ ਸਿੱਖ ਗੁਰੂਆਂ ਤੇ ਅਵਤਾਰਾਂ ਦੇ ਜੀਵਨ ਨਾਲ ਸਬੰਧਤ, ਉਹਦੇ ਦਿਲ ਨੂੰ ਦਿਲਾਸਾ ਦੇਣ ਵਾਲੀਆਂ ਕਹਾਣੀਆਂ ਸੁਣਾਉਂਦਾ, ਗੁਰਬਾਣੀ ਵਿਚੋਂ ਉਹ ਤੁਕਾਂ ਕੱਢ ਕੱਢ ਕੇ ਸੁਣਾਉਂਦਾ ਜਿਨ੍ਹਾਂ ਵਿਚ ਸੰਸਾਰਕ ਮੋਹ ਮਾਇਆ ਤਿਆਗ ਕੇ ਮਨ ਨੂੰ ਪ੍ਰਭੂ-ਚਰਨਾਂ ਨਾਲ ਜੋੜਨ ਦੀ ਪ੍ਰੇਰਨਾ ਦਿਤੀ ਹੁੰਦੀ, ਪਰ ਉਹਦੀ ਸੋਚ ਦੂਰ ਬੀਤੇ ਵਿਚ ਆਪਣੀ ਬੀਵੀ ਨਾਲ ਬਿਤਾਏ ਸੁਖਾਵੇਂ ਸਮਿਆਂ ਵਿਚ ਗੁਆਚੀ ਹੁੰਦੀ, ਸਮਾਂ, ਜਦੋਂ ਜ਼ਿੰਦਗੀ ਵਿਚ ਰੰਗ ਹੀ ਰੰਗ ਸਨ, ਰੀਝਾਂ ਹੀ ਰੀਝਾਂ ਸਨ ਤੇ ਸੁਫਨੇ ਹੀ ਸੁਫਨੇ ਸਨ ਤੇ ਸਭ ਤੋਂ ਵੱਡੀ ਚੀਜ਼ ਸੀ ਬੇ-ਪ੍ਰਵਾਹੀ।'

ਫੇਰ ਉਸ ਨੂੰ ਇੰਝ ਮਹਿਸੂਸ ਹੋਣ ਲੱਗ ਪਿਆ, ਜਿਵੇਂ ਪਾਠ ਨਾਲ ਆਪਣੇ ਮਨ ਦੀ ਮੁਹਾਰ ਫੜਨ ਵਾਲਾ ਹਥਿਆਰ ਬੇਕਾਰ ਹੁੰਦਾ ਜਾ ਰਿਹਾ ਹੋਵੇ।

ਤੇ ਫੇਰ ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਉਹਦਾ ਇਕ ਪੁਰਾਣਾ ਸਾਥੀ ਆਇਆ ਤੇ ਉਹਦਾ ਹੱਥ ਫੜ ਕੇ



Namdhari Elibrary NamdhariElibrary@gmail.com

ਆਪਣੀ ਬੁੱਕਲ ਵਿਚ ਵਾੜ ਕੇ ਠੰਢੀ ਮੂਲੀ ਵਰਗੀ ਕੋਈ ਸ਼ੈਅ ਉਸ ਨੂੰ ਫੜਾਉਣ ਲੱਗ ਪਿਆ, ਜਦੋਂ ਉਸਨੇ ਆਪਣੇ ਮਿੱਤਰ ਦੀ ਬੁੱਕਲ ਵਿਚੋਂ ਹੱਥ ਬਾਹਰ ਕਢਿਆ ਤਾਂ ਉਹਦੇ ਹੱਥ ਵਿਚ ਸ਼ਰਾਬ ਨਾਲ ਭਰੀ ਹੋਈ ਬੋਤਲ ਗਲਮੇਂ ਤੋਂ ਫੜੀ ਹੋਈ ਸੀ।

ਗੱਜਣ ਸਿੰਘ ਤੋਂ ਕੁਝ ਬੋਲਿਆ ਨਾ ਗਿਆ, ਉਹਦੇ ਹੱਥ ਕੰਬਣ ਲੱਗ ਪਏ, ਜ਼ਬਾਨ ਨੂੰ ਜਿਵੇਂ ਜੰਦਰਾ ਵੱਜ ਗਿਆ, ਅਜਿਹੇ ਦੁਖਦਾਈ ਸਮੇਂ ਸ਼ਰਾਬ ਦੀ ਵਰਤੋਂ ਕਰਨੀ ਉਸ ਨੂੰ ਬਹੁਤ ਘਟੀਆ ਜਿਹੀ ਗੱਲ ਜਾਪੀ, ਨਾਲੇ ਉਸ ਸ਼ਰਾਬ ਦੀ ਵਰਤੋਂ, ਜਿਸ ਨੇ ਉਸ ਨੂੰ ਉਹਦੀ ਆਪਣੀ ਪਤਨੀ ਵਲ ਸੁਹਿਰਦ ਨਹੀਂ ਸੀ ਰਹਿਣ ਦਿੱਤਾ, ਸਗੋਂ ਵਹਿਸ਼ੀ ਬਣਾਈ ਛਡਿਆ, ਇਹ ਸੋਚ ਕੇ ਉਹਦਾ ਸ਼ਰਾਬ ਤੇ ਥੁੱਕਣ ਨੂੰ ਜੀਅ ਕੀਤਾ।

"ਤੂੰ ਝਕ ਨਾ। ਕਮਲਿਆ ਕਿਨਾ ਕੁ ਚਿਰ ਦੁੱਖ ਨਾਲ ਘੁਲਦਾ ਰਹੇਂਗਾ? ਏਦਾਂ ਤਾਂ ਨਾ ਤੇਰਾ ਗ਼ਮ ਘਟਣਾ ਤੇ ਨਾ ਅੱਖਾਂ ਸੁਕਣੀਆਂ, ਫਿੱਟ ਕੁ ਲੈ, ਰੋਟੀ ਖਾਣ ਜੋਗਾ ਹੋ ਜਾਵੇਂ! ਤੇਰੇ ਮਨ ਨੂੰ ਰਤਾ ਮਾਸਾ ਧੀਰ ਬੱਝੇ! ਉਹ ਚਲੋ ਗਈ, ਸਭ ਦੁਨੀਆਂ ਐਣੀਂ ਜਾਣੀਂ ਆਂ, ਸਭ ਚਲਦਾ ਰਹਿਣੈਂ! ਤੂੰ ਆਪਣੇ ਦੀਵੇ ਨਾ ਗਾਲ!!"

ਉਹ ਦੇ ਮਿੱਤਰ ਨੇ ਉਸ ਨੂੰ ਨਸੀਹਤ ਕਰਦਿਆਂ ਕਿਹਾ।

ਪਰ ਉਹ ਫੇਰ ਵੀ ਬੋਤਲ ਫੜ ਕੇ ਚੁੱਪ ਚਾਪ ਖੜੋਤਾ ਰਿਹਾ, ਫੇਰ ਉਹਦੇ ਨੈਣ ਜਿਵੇਂ ਭਰ ਆਏ, ਉਹਦੇ ਸਾਥੀ ਨੇ ਆਪਣੀ ਡੱਬ ਵਿਚੋਂ ਗਲਾਸੀ ਕੱਢੀ, ਗਲਾਸੀ ਵਿਚ ਇਕ ਹਾੜਾ ਪਾ ਕੇ ਮਲੋ-ਮਲੀ ਉਹਦੇ ਹੱਥ ਵਿਚ ਦਿਤਾ ਤੇ ਆਪਣੀ ਜੇਬ ਵਿਚੋਂ ਗੰਢਾ ਕੱਢ ਕੇ ਕੰਧ ਨਾਲ ਟਿਕਾਇਆ, ਉੱਪਰ ਮੁੱਕਾ ਮਾਰ ਕੇ ਭੰਨ ਕੇ, ਤਿੰਨ ਚਾਰ ਪੱਤ ਉਧੇੜ ਕੇ ਉਸ ਨੂੰ ਫੜਾਉਂਦੇ ਹੋਏ ਕਿਹਾ—"ਬੱਸ ਹੁਣ ਤੂੰ ਬਾਹਲੀਆਂ ਸੋਚਾਂ 'ਚ ਨਾ ਪੈ। ਮਿੱਟ ਕੁ ਸਭ ਕੁਛ ਭੁੱਲ ਕੇ ਸਿੱਟ ਏਹਨੂੰ, ਅੰਦਰ, ਅਜੇ ਤਾਂ ਬੜੀ ਲੰਮੀ ਉਮਰ ਪਈ ਆ ਕੋਵਲਿਆ ਏਦਾਂ ਕਿੱਦਾਂ ਬੀਤੂਗੀ?"

ਫੇਰ ਉਹ ਦੇ ਯਾਰ ਨੇ ਉਹਦਾ ਗਲਾਸੀ ਵਾਲਾ ਹੱਥ ਫੜ ਕੇ ਉਹਦੇ ਮੂੰਹ ਦੇ ਨੇੜੇ ਕੀਤਾ ਤੇ ਉਸ ਨੇ ਸਾਰੀ ਗੁਲਾਸੀ ਮੂੰਹ 'ਚ ਉਲੱਦ ਲਈ।

ਫੇਰ ਉਹ ਕਿੰਨੀ ਦੇਰ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ; ਗੱਜਣ ਸਿੰਘ ਦੇ ਬਚਿਆਂ ਦੀਆਂ ਕਿ ਜਦੋਂ ਉਹਨਾਂ ਦੀ ਮਾਂ ਜਿਉਂਦੀ ਸੀ ਤਾਂ ਉਹ ਕਿਵੇਂ ਉਹਨਾਂ ਨੂੰ ਸ਼ਰਾਬ ਪੀਂਦਿਆਂ ਨੂੰ ਸਬਜ਼ੀ ਅਚਾਰ ਤੇ ਪਾਣੀ ਆਦਿ ਫੜਾ ਜਾਂਦੇ ਸਨ, ਗੱਜਣ ਸਿੰਘ ਦੀ ਬੀਵੀ ਦੀਆਂ, ਕਿ ਜਦੋਂ ਉਹ ਘੁੱਟ ਪੀਣ ਲਈ ਬੈਠਦੇ ਸਨ ਤਾਂ ਉਸ ਨੇ ਕਦੇ ਮੱਥੇ ਵੱ[illegible] ਨਹੀਂ ਸੀ ਪਾਇਆ ਸਗੋਂ ਉਹਨਾਂ ਦੀ ਲੋੜ ਦੀਆਂ ਚੀਜ਼[illegible] ਪੁੱਛ ਜਾਂਦੀ ਸੀ। ਕਿੰਨੀ ਚੰਗੀ ਸੀ ਗਜਣ ਸਿਉਂ ਦ[illegible] ਤਰੀਮਤ!' ਦੇਰ ਤੱਕ ਉਹ ਉਹਦੀਆਂ ਸੁਖਾਵੀਆਂ ਯਾਦ[illegible] ਤਾਜ਼ੀਆਂ ਕਰਦੇ ਰਹੇ। ਇਸ ਸਮੇਂ ਦੇ ਦੌਰਾਨ ਕਈ ਵਾ[illegible] ਗੱਜਣ ਸਿੰਘ ਦੀਆਂ ਅੱਖਾਂ ਭਰੀਆਂ ਤੇ ਕਈ ਵਾਰ ਸੁੱਕੀਆਂ ਕਈ ਵਾਰ ਉਹਦੇ ਮਿੱਤਰ ਨੇ ਉਸਨੂੰ ਦਿਲਬਰੀ ਦਿਤੀ, [illegible] ਕੁ ਹਾੜੇ ਹੋਰ ਵੀ ਉਸ ਨੂੰ ਪਾ ਕੇ ਦਿਤੇ।

ਤੁਰਨ ਤੋਂ ਪਹਿਲਾਂ ਗੱਜਣ ਸਿੰਘ ਦੇ ਮਿੱਤਰ ਨੇ ਉ[illegible] ਨੂੰ ਪੁਛਿਆ—"ਕਿਉਂ? ਆਈ ਕੁਛ ਤਾਰ?"

"ਤਾਰ......? ਤਾ...ਰ ਸਾਲੀ ਦੇ ਕੀ ..ਕਹਿਣੇ ਤਾਰ ਨੇ ਤਾਂ ਮਾਂ...ਜਾਂਭਾ ਸਭ ..ਕੁਛ ਭੁਲਾ 'ਤਾ।" ਗੱਜ[illegible] ਸਿੰਘ ਨੇ ਉਠਦਿਆਂ ਆਖਿਆ, ਉਹਦੇ ਪੈਰ ਲੜਖੜਾਉਣ [illegible] ਜ਼ਬਾਨ ਥਥਲਾਉਣ ਲੱਗ ਪਈ।

"ਅੱਜ ਬਈ ਗੱਜਣ ਸਿਆਂ ਚਿੱਤ ਤਾਂ ਕਰਦਾ ਪ[illegible] ਨਾ ਪੀਵੀਏ, ਪਰ ਦੁੱਖ ਤੋਂ ਆਪਣਾ ਆਪ ਛੁਡਾਉਣ ਲ[illegible] ਹੋਰ ਚਾਰਾ ਵੀ ਕੀੜਾ ਆ? ਆਹ ਚੁੱਕ ਹੈਥੇ ਸ਼ੀਸ਼ੀ ਕਿ[illegible] ਸਮ੍ਹਾਲ ਕੇ ਰੱਖ ਲੈ. ਕਿਤੇ ਫਿੱਟ ਲਾ ਲਈਂ ਨਾਲੇ ਹੁਣ ਤਕੜ[illegible] ਹੋ ਤੇ ਰੱਬ ਦਾ ਭਾਣਾ ਮੰਨ!" ਉਸਦੇ ਮਿੱਤਰ ਨੇ ਬੋਤ[illegible] ਚੁਕ ਕੇ ਉਹਨੂੰ ਫੜਾਉਂਦਿਆਂ ਤੇ ਨਸੀਹਤ ਕਰਦਿਆ[illegible] ਕਿਹਾ। ਫੇਰ ਉਹਦਾ ਮਿੱਤਰ ਉਹਦਾ ਉੱਤਰ ਉਡੀਕੇ ਬਿਨ[illegible] ਹੀ ਬੂਹੇ ਤੋਂ ਬਾਹਰ ਹੋ ਗਿਆ।

"ਮ...ਮੈਂ ਰਬ ਦਾ ਭਾ...ਣਾ ਮੰਨਾ? ਰੱਬ ਕ[illegible] ਆ...? ਮੈਂ...ਕੀ ਆਂ? ਏਦੂੰ ਵੱਧ ਰਬ ਮੇ...ਰਾ ਕੀ [illegible] ਪੱਟ ਲੂ ਮ...ਮੈਂ ਨੀਂ ਡਰਦਾ ਰ..ਬ ਤੋਂ ਰਬ ਦੀ...? ਤੇ ਉਹ ਲੜਖੜਾ ਕੇ ਬੂਹੇ ਦੀ ਸਰਦਲ 'ਤੇ ਡਿੱਗ ਪਿਆ।

ਫੇਰ ਉਸਨੂੰ ਜਾਪਿਆ ਜਿਵੇਂ ਉਹਦੀ ਤਰੀਮਤ ਪੂ[illegible] ਦੀ ਪੁਤੀ ਉਹਦੇ ਅੱਗੇ ਆ ਕੇ ਖਲੋ ਗਈ ਹੋਵੇ, ਪਹੁ [illegible] ਲਾਲੀ ਵਿਚ ਨਹਾਤੀ ਹੋਈ, ਹਸੂੰ ਹਸੂੰ ਕਰਦੀ, ਹੁਸਨ [illegible] ਅਜੀਬ ਕ੍ਰਿਸ਼ਮਾ! ਉਹਦਾ ਨਸ਼ਾ ਠੰਢਾ ਹੋਣ ਲੱਗ ਪਿ[illegible] ਉਸਨੂੰ ਜਾਪਿਆ ਜਿਵੇਂ ਉਹ ਕੋਈ ਵੱਡਾ ਗੁਨਾਹ ਕਰ[illegible] ਹਟਿਆ ਹੋਵੇ, ਉਹਦਾ ਜੀਅ ਕੀਤਾ ਅਗੇ ਹੋ ਕੇ ਆਪ[illegible] ਬੀਵੀ ਦੇ ਪੈਰ ਫੜ ਕੇ ਖਿਮਾ ਮੰਗ ਲਵੇ ਫੇਰ ਉਸ ਨੇ ਸ਼ਰ[illegible] ਦੀ ਬੋਤਲ ਜ਼ੋਰ ਨਾਲ ਕੰਧ 'ਚ ਮਾਰੀ, ਤੇਜ਼ ਖੜਕੇ ਨਾ[illegible] ਦੂਰ ਦੂਰ ਤਕ ਬੋਤਲ ਦੀਆਂ ਕੀਚਰਾਂ ਖਿੱਖਰ ਗਈ— ਤੇ ਵਿਹੜੇ ਵਿਚ ਸ਼ਰਾਬ ਦੀ ਬੋਅ ਖਿਲਰ ਗਈ।

ਫੇਰ ਉਸ ਨੇ ਇਕ ਠੰਢਾ 'ਤੇ ਲੰਮਾ ਜਿਹਾ ਸ[illegible] ਭਰਿਆ ਤੇ ਬੋਲਿਆ..."ਚੋਰ! ਸਾਲੇ ਸ਼ਰਾਬ ਦੇ ਸ਼..ਰ[illegible] ਦੀ...ਮਾਂ ਦੀ...!" ਤੇ ਉਸ ਨੇ ਸ਼ਰਾਬ ਨੂੰ ਇਕ ਮੋਟੀ ਜਿ[illegible] ਗਾਲ ਕਢ ਦਿਤੀ। ਉਸ ਨੂੰ ਜਾਪਿਆ ਜਿਵੇਂ ਉਸ ਨੇ [illegible] ਗਾਲ੍ਹ ਕਢ ਕੇ ਆਪਣੀ ਮਰਹੂਮ ਬੀਵੀ ਤੋਂ ਆਪਣੀ ਗ[illegible] ਦੀ ਮੁਆਫ਼ੀ ਮੰਗ ਲਈ ਹੋਵੇ।

—:o:—



Namdhari Elibrary NamdhariElibrary@gmail.com

# ਪੰਜਾਬੀ ਸਾਹਿਤ ਦੀਆਂ ਲੇਖਕਾਵਾਂ

—ਪ੍ਰੋ: ਅਤਵਾਰ ਜੌੜਾ

"ਹੇ ਅਨੰਤ ! ਰਮਣੀਯ ਕੌਣ ਤੁਮ,
ਯਹ ਮੈਂ ਕੈਸੇ ਕਹਿ ਸਕਤਾ ਹੂੰ !"

ਕਮਾਇਨੀਕਾਰ ਜੈ ਸ਼ੰਕਰ ਪ੍ਰਸਾਦ ਦੇ ਇਹ ਸ਼ਬਦ ਸਾਹਿਤ ਵਿਚ ਵਿਦਮਾਨ ਨਾਰੀ ਦੇ ਅਨੰਤ ਰੂਪਾਂ, ਉਸਦੇ ਅਦਭੁਤ ਪ੍ਰਭਾਵਾਂ ਅਤੇ ਉਸਦੀ ਆਪਾਰ ਸ਼ਕਤੀ ਨੂੰ ਵੇਖਦੇ ਹੋਏ ਕਹੇ ਸਨ। ਨਾਰੀ ਵਿਸ਼ਵ-ਕਾਵਿ ਵਿਚ ਸੱਭ ਤੋਂ ਅਹਿ-ਮੀਅਤ ਰਖਣ ਵਾਲਾ ਵਿਸ਼ਾ ਹੈ। ਯੁੱਗਾਂ ਯੁੱਗਾਂ ਤੋਂ ਨਾਰੀ ਦੀ ਮਨਮੋਹਣੀ ਸ਼ਕਤੀ ਦੀ ਕਾਵਿ-ਜਗਤ ਤੇ ਸਲਤਨਤ ਕਾਇਮ ਰਹੀ ਤੇ ਬਹੁਤ ਹੱਦ ਤੱਕ ਅੱਜ ਵੀ ਹੈ। ਅੱਜ ਨਾਰੀ ਪੂਰਵ ਪ੍ਰਵਿਰਤੀ ਅਨੁਸਾਰ ਪਰੇਰਨਾ-ਸਰੋਤ ਹੀ ਨਹੀਂ, ਸਾਹਿਤ-ਸਿਰਜਨਾ ਵੀ ਕਰਦੀ ਹੈ। ਉਹੀ ਨਾਰੀ, ਜੋ ਮਹਾਂ-ਭਾਰਤ ਯੁੱਧ ਵਿਚ ਇਕ ਚਲੰਤ-ਸੰਮਤੀ ਸੀ, ਜੋ ਪਤਨੀ ਅਤੇ ਭੈਣ ਦੇ ਰੂਪ ਵਿਚ ਵੇਚੀ ਜਾ ਸਕਦੀ ਸੀ, ਪਾਂਡੂ ਜੇਸੇ ਨਿਪੁੰਸਕ ਪਤੀ ਦੀ ਆਗਿਆ ਨਾਲ ਦੁਰਾਚਾਰ ਲਈ ਮਜਬੂਰ ਹੋ ਸਕਦੀ ਸੀ, ਭੀਸ਼ਮ, ਜਿਸਦਾ ਆਪਣੇ ਭਰਾਵਾਂ ਲਈ ਅਪਹਰਣ ਕਰ ਸਕਦਾ ਸੀ, ਭਰਾਵਾਂ ਦੀ ਸਹਿਮਤੀ ਨਾਲ ਜੋ ਪੰਜ ਪਤੀਆਂ ਦੀ ਇਕ ਸਾਂਝੀ ਪਤਨੀ ਬਣ ਸਕਦੀ ਸੀ, ਅਵੱਸ਼ਕਤਾ ਪੈਣ ਤੇ ਜੋ ਜੂਏ ਦੇ ਦਾਅ ਤੇ ਵੀ ਲਾਈ ਜਾ ਸਕਦੀ ਸੀ—ਗੱਲ ਕੀ ਜਿਸ ਦਾ ਨਿੱਜੀ ਵਿਅੱਕਤਿਤਵ, ਨਿੱਜੀ ਆਦਰਸ਼ ਅਤੇ ਨਿੱਜੀ ਲਕਸ਼ ਸਦਾ ਪੁਰਸ਼ ਦੇ ਚਰਨਾਂ ਹੇਠ ਹੁੰਦੇ ਸਨ, ਅੱਜ ਆਪਣੀਆਂ ਸੁਤੰਤਰਤ ਅਕਾਂਖਿਆਵਾਂ ਸੰਗ ਜੀਅ ਰਹੀ ਹੈ। ਜੋ ਸ਼ਬਦ ਕਦੀ ਉਸਦੇ ਹੋਠਾਂ ਤੇ ਵਿਵਰਜਤ ਸਨ, ਅਜ ਉਹ ਉਹਨਾਂ ਸ਼ਬਦਾਂ ਨੂੰ ਉਨ੍ਹਾਂ ਦੇ ਮਖੌਟੇ ਉਤਾਰ ਅਸਲ ਰੂਪ ਵਿਚ ਪ੍ਰਸਤੁਤ ਕਰ ਰਹੀ ਹੈ। ਪੰਜਾਬੀ ਸਾਹਿਤ ਦੀ ਇਹ ਖੁਸ਼ਕਿਸਮਤੀ ਹੈ ਕਿ ਇਸ ਕੋਲ ਵੀ ਅਜਿਹੀਆਂ ਬੇਖੌਫ ਇਸਤਰੀ ਲੇਖਕਾਵਾਂ ਹਨ ਜੋ ਅਨੁਭਵ ਦੀ ਅਭੀਵਿਅੰਜਨਾ ਤੋਂ ਗੁਰੇਜ਼ ਨਹੀਂ ਕਰਦੀਆਂ ਤੇ ਜਿਨ੍ਹਾਂ ਦੀਆਂ ਕ੍ਰਿਤੀਆਂ ਸਿਰਫ ਪੰਜਾਬੀਆਂ ਤਕ ਹੀ ਸੀਮਤ ਨਹੀਂ ਸਗੋਂ ਦੂਰ ਸੱਤ ਸਮੁੰਦਰੋਂ ਪਾਰ ਵੀ ਜਾ ਵਿਚਰੀਆਂ ਹਨ।

ਗੱਲ ਮੈਂ ਅੰਮ੍ਰਿਤਾ ਤੋਂ ਸ਼ੁਰੂ ਨਹੀਂ ਕਰਾਂਗਾ, ਸਗੋਂ ਉਹਨਾਂ ਲੇਖਕਾਵਾਂ ਤੋਂ ਸ਼ੁਰੂ ਕਰਾਂਗਾ ਜੋ ਪੰਜਾਬੀ ਸਾਹਿਤ ਵਿਚ ਅਣਗੌਲੀਆਂ ਤੇ ਅਣਪਛਾਣੀਆਂ ਹੀ ਰਹਿ ਗਈਆਂ ਹਨ। ਡਾ: ਦੇਵਿੰਦਰ ਸਿੰਘ ਵਿਦਿਆਰਥੀ ਆਪਣੇ ਲੇਖ 'ਪੰਜਾਬੀ ਦੀ ਪਹਿਲੀ ਇਸਤਰੀ ਕਵੀ' ਵਿਚ ਇਕ ਮੁਸਲਮਾਨ ਔਰਤ 'ਪੀਰੋ' ਨੂੰ ਪੰਜਾਬੀ ਦੀ ਪਹਿਲੀ ਕਵਿਤਰੀ ਸਵੀਕਾਰਦੇ ਹਨ। 1936 ਤਕ ਇਸ ਤੋਂ ਇਲਾਵਾ ਜਿਹਨਾਂ ਲੇਖਕਾਵਾਂ ਦਾ ਨਾਮ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦਾ ਹੈ, ਉਹਨਾਂ ਵਿਚ ਲਖਵੀ, ਹਰਨਾਮ ਕੌਰ, ਅਮਰ ਕੌਰ, ਈਸ਼ਰ ਕੌਰ, ਗੁਰਚਰਨ ਕੌਰ, ਜੀਵਨ ਕੌਰ, ਗਿਆਨ ਕੌਰ, ਪ੍ਰਿਤਪਾਲ ਕੌਰ, ਰਾਜਿੰਦਰ ਕੌਰ, ਸ਼ਮਸ਼ੇਰ ਕੌਰ ਆਦਿ ਵੀ ਸੰਮਿਲਤ ਹਨ। ਇਹਨਾ ਸਾਹਿਤਕਾਰ ਇਸਤਰੀਆਂ ਨੇ ਕਵਿਤਾ ਵੀ ਰਚੀ, ਕਹਾਣੀ ਤੇ ਨਾਟਕ ਵੀ, ਪਰ ਜ਼ਿਆਦਾ ਕਵਿਤਾ-ਸਿਰਜਨਾ ਹੀ ਕੀਤੀ ਗਈ।



Namdhari Elibrary NamdhariElibrary@gmail.com

ਇਹਨਾਂ ਦੀਆਂ ਰਚਨਾਵਾਂ ਸਾਹਿਤਕ ਗੁਣਾਂ ਪੱਖੋਂ ਅੱਜ ਚਾਹੇ ਕੱਚ-ਘਰੜੀਆਂ ਭਾਸਦੀਆਂ ਹਨ, ਪਰ ਪਹਿਲੀਆਂ ਰਚਨਾਵਾਂ ਹੋਣ ਕਰਕੇ ਇਹਨਾਂ ਨੂੰ ਅੱਖੋਂ-ਪਰੋਖੇ ਵੀ ਨਹੀਂ ਕੀਤਾ ਜਾ ਸਕਦਾ। ਵਿਸ਼ੇ ਪੱਖੋਂ ਇਹਨਾਂ ਦੀਆਂ ਰਚਨਾਵਾਂ ਅਨੁਭਵ ਦੀ ਅਭਿਵਿਅਕਤੀ ਨਾ ਹੋ ਕੇ ਅਨੁਕਰਣ ਰੁਚੀਆਂ ਦਾ ਪ੍ਰਗਟਾਵਾ ਹੁੰਦੀਆਂ ਹਨ। ਇਹਨਾਂ ਵਿਚ ਔਰਤ ਦੀ ਸਮਾਜਿਕ ਬੰਧਨਾਂ ਤੋਂ ਮੁਕਤੀ, ਦਲਿਤ ਵਰਗ ਪ੍ਰਤੀ ਹਮਦਰਦੀ, ਔਰਤ ਦੀ ਸੁਤੰਤਰਤਾ ਦੇ ਹੱਕ ਵਿਚ ਆਵਾਜ਼ ਉਠਾਈ ਗਈ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਸ਼ਿਲਪ ਪੱਖ ਤੋਂ ਇਹਨਾਂ ਦੀਆਂ ਕ੍ਰਿਤਾਂ ਅਭਿਆਸ ਅਵਸਥਾ ਵਿਚ ਵਿਚਰਦੀਆਂ ਹਨ। ਉਦਾਹਰਣ ਵਜੋਂ :

ਕਿੰਨਾ ਚਿਰ ਹੋਰ ਜੁੱਤੀ ਪੈਰ ਦੀ ਕਹਾਏਂਗੀ ਤੂੰ,
ਸ਼ੂਦਰ ਕਹਾਣਾ ਰਿਦੇ ਕਿੰਨਾ ਚਿਰ ਜਰੇਂਗੀ ?
ਕਿੰਨਾ ਚਿਰ ਜਗਤ ਦੀ ਰੋਸ਼ਨੀ ਤੋਂ ਅੱਖਾਂ ਮੀਚ
ਦੁੱਖ ਤੇ ਦਲਿੱਦਰ ਨਾ ਭਾਰਤ ਦੇ ਹਰੇਂਗੀ ?
ਕਿੰਨਾ ਚਿਰ ਹੋਰਾਂ ਦੀਆਂ ਬਾਹਾਂ ਨਾਲ ਤਰੇਂਗੀ ?

(ਹਰਨਾਮ ਕੌਰ)

ਗੱਲ ਆਪਣੇ ਉੱਤੇ ਨਾ ਆਉਣ ਦੇਈਏ,
ਦੂਰ ਫੈਸ਼ਨਾਂ ਤਾਈਂ ਕਰਾਓ ਭੈਣੋ।
ਅਪਮਾਨ ਹੁੰਦੇ ਵੇਖੋਂ ਨਾਰੀਆਂ ਦੇ
ਖੱਦਰ ਪਾਇਆਂ ਨਹੀਂ ਸ਼ਰਮਾਓ ਭੈਣੋ।
ਬਾਲ ਵਿਧਵਾ ਭੈਣੀਆਂ ਦੁੱਖ ਭੋਗਣ,
ਦੁੱਖ ਉਹਨਾਂ ਦੇ ਛੇਤੀ ਹਟਾਓ ਭੈਣੋ।
ਹੱਕ ਅੱਜਾਂ ਦੇ ਅਸਾਂ ਨੂੰ ਮਿਲਣ ਵਾਪਸ,
ਐਸਾ ਡਟ ਕੇ ਮੋਰਚਾ ਲਾਓ ਭੈਣੋ।

(ਜੀਵਨ ਕੌਰ)

ਖਿੜੇ ਚਮਨ ਵਿਚ ਨਾਲਾ ਵਹਿੰਦਾ,
ਕੀ ਜਾਣਾ ਮੁੜ ਵਹੇ ਕਿ ਨਾ ?
ਰੁੱਤ ਫਿਰਿਆ ਗੁਲਜ਼ਾਰ ਉਦਾਸੇ,
ਸੁੰਦਰਤਾ ਮਤ ਰਹੇ ਕਿ ਨਾ ?
ਹੇ ਦਿਲ ਅੱਖੀਓਂ ਸੱਧਰ ਲਾਹ ਲਓ,
ਕੀ ਜਾਣਾ ਮੁੜ ਵਰੇ ਕਿ ਨਾ ?
ਇਸ ਜੀਵਨ ਦਾ ਕੀ ਭਰਵਾਸਾ
ਆਉਂਦੀ ਰੁੱਤੇ ਰਹੇ ਕਿ ਨਾ !

(ਅਮਰ ਕੌਰ)

ਇਸੇ ਅਭਿਆਸ ਅਵਸਥਾ ਵਿਚੋਂ ਅੰਮ੍ਰਿਤਾ ਦਾ ਨਾਮ ਉਦੈ ਹੁੰਦਾ ਹੈ। ਅੰਮ੍ਰਿਤਾ ਜੋ ਕਵਿਤਾ—ਸਿਰਜਨਾ ਤੋਂ ਸਹਿਤ-ਸਫਰ ਆਰੰਭ ਕਰਕੇ, ਵਾਰਤਕ, ਕਹਾਣੀਆਂ, ਨਾਵਲ ਤੇ ਫਿਰ ਸਵੈ-ਜੀਵਨੀ ਦੇ ਮੋੜ ਕਟਦੀ ਨਿਰੰਤਰ ਅੱਗੇ ਵਧਦੀ ਜਾ ਰਹੀ ਹੈ, ਨੇ ਵਿਵਰਜਤ ਵਿਸ਼ੇ ਪਿਆਰ ਤੋਂ ਲੈ ਕੇ ਖੰਡਿਤ ਹੋਂਦ ਤਕ ਤੇ ਹਿੰਦੁਸਤਾਨ ਦੀਆਂ ਹੱਦਾਂ ਉਲੰਘ ਕੇ ਅੰਤਰਰਾਸ਼ਟਰੀਅਤਾ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ। ਕਾਮ ਦੇ ਮਸ਼ੀਨੀਕਰਣ ਨੂੰ ਜੇ ਰਵੀ ਨੇ ਵੱਧ ਚੜ੍ਹ ਕੇ ਬਿਆਨਿਆ ਹੈ ਤਾਂ ਪਿਛੇ ਅੰਮ੍ਰਿਤਾ ਵੀ ਨਹੀਂ। ਇਸੇ ਸੰਦਰਭ ਵਿਚ ਅੰਮ੍ਰਿਤਾ ਦੀ ਕਹਾਣੀ 'ਇਕ ਸ਼ਹਿਰ ਦੀ ਮੌਤ' ਨੂੰ ਭੁਲਾਇਆ ਨਹੀਂ ਜਾ ਸਕਦਾ। ਉਸਦੀ ਕਵਿਤਾ ਦੀ ਯੁਗਾਨੁਕੂਲ ਪਰਿਵਰਤਤ ਹੁੰਦੀ ਆਈ ਹੈ। 'ਕਾਗਜ਼ ਤੇ ਕੈਨਵਸ' ਉਸ ਦੀ ਕਵਿਤਾ ਦਾ ਸਿਖਰ ਕਿਹਾ ਜਾ ਸਕਦਾ ਹੈ..... ਜਿਸ ਵਿਚ ਮਾਡਰਨ ਸੈਂਸੇਬਿਲਟੀ ਵਿਦਮਾਨ ਹੈ, ਪਰ ਕਵਿਤਾ ਕਿਤੇ ਕਿਤੇ ਵਾਰਤਕਨੁਮਾ ਹੋ ਜਾਂਦੀ ਹੈ, ਪਰ ਫਿਰ ਵੀ ਉਹ ਸ਼ਬਦਾਂ ਰਾਹੀਂ ਬਿਨਾਂ ਅਰਥ-ਸੰਚਾਰ ਨੂੰ ਖੰਡਿਤ ਕੀਤੇ ਇਕ ਲੈਅ ਉਤਪੰਨ ਕਰ ਲੈਂਦੀ ਹੈ।

ਏਹੋ ਅੰਮ੍ਰਿਤਾ ਹੈ ਜਿਸ ਕਰਕੇ ਵਿਦੇਸ਼ਾਂ ਵਿਚ ਪੰਜਾਬੀ ਸਾਹਿਤ ਦੀ ਹੋਂਦ ਨੂੰ ਅਨੁਮਾਨਿਆ ਜਾਂਦਾ ਹੈ, ਇਹ ਪੰਜਾਬੀ ਸਾਹਿਤ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਬਾਹਰੋਂ ਆਇਆ ਹਰ ਵਿਦੇਸ਼ੀ ਸਾਹਿਤਕਾਰ ਉਸ ਨੂੰ ਮਿਲੇ ਬਗੈਰ ਪਰਤਦਾ ਨਹੀਂ। "ਮੈਨੂੰ ਮੇਰੇ ਪਾਠਕਾਂ ਕੋਲੋਂ ਅੰਤਾਂ ਦਾ ਪਿਆਰ ਮਿਲਿਆ ਹੈ, ਤੇ ਮੇਰੀ ਜ਼ਬਾਨ ਦੇ ਮੇਰੇ ਸਮਕਾਲੀਆਂ ਕੋਲੋਂ ਅੰਤਾਂ ਦੀ ਨਫਰਤ",......ਉਸ ਦਾ ਇਹ ਕਥਨ......ਉਸ ਦਾ ਹੀ ਨਹੀਂ ਪੰਜਾਬੀ ਸਾਹਿਤ ਦਾ ਦੁਖਾਂਤ ਹੈ......ਇਕ ਹਾਦਸਾ ਹੈ।

( ) ਕੁਝ ਕਲਮਾਂ—ਪਾਲਤੂ ਤੋਤੇ
ਜੋ ਗ਼ਮ-ਏ-ਜਾਨਾਂ ਤੇ ਗ਼ਮ-ਏ-ਦੁਨੀਆਂ ਕੰਠ ਕਰਦੇ ਹਨ
ਠੰਡੇ ਤੇ ਤੱਤੇ ਸਾਹ ਭਰਦੇ ਹਨ,
ਤੇ ਫਿਰ ਪਿੰਜਰੇ ਦੀ ਸੀਖ ਨਾਲ ਚੁੰਝਾਂ ਮਾਰਦੇ
ਕਿ ਹੁਣ ਸ਼ੁਹਰਤ ਦੀ ਚੂਰੀ ਜ਼ਰੂਰ ਮਿਲਣੀ ਚਾਹੀਦੀ ਹੈ।

ਸਾਮਿਅਕ ਬੋਧ ਦੀ ਉਦਾਹਰਣ :

(2) ਹਸਪਤਾਲ ਦੇ ਬੂਹੇ ਅਗੇ,



Namdhari Elibrary NamdhariElibrary@gmail.com

ਹੱਕ, ਸਚ,ਈਮਾਨ ਤੇ ਕਦਰਾਂ.ਕਿੰਨੇ ਲਫਜ਼ ਬੀਮਾਰ ਪਏ ਨੇ,
ਭੀੜ ਜੇਹੀ ਇਕ ਲਗ ਗਈ ਹੈ ।

... ...

(3) ਰੋਜ਼ ਭਵਿਖ ਦਾ ਸੁਪਨਾ ਰਾਤੀਂ
ਵਰਤਮਾਨ ਦੀ ਮੈਲੀ ਚਾਦਰ
ਅੱਧੀ ਆਪਣੇ ਉਪਰ ਤਾਣੇ.
ਅੱਧੀ ਆਪਣੇ ਹੇਠ ਵਿਛਾਵੇ
ਕਿੰਨਾ ਚਿਰ ਕੁਝ ਸੋਚੇ ਜਾਗੇ
ਫਿਰ ਨੀਂਦਰ ਦੀ ਗੋਲੀ ਖਾਵੇ

ਵਿਅੰਗਾਤਮਕ :

4) ਹਰ ਸਵਾਲ ਬਣਿਆ ਸੀ ਜਵਾਬ ਦੇ ਆਧਾਰ ਤੇ
ਹਰ ਜਵਾਬ ਬਣਿਆ ਸੀ ਸਵਾਲ ਦੇ ਆਧਾਰ ਤੇ
ਆਧਾਰ ਅੱਜ ਲਭਦਾ ਨਹੀਂ
ਤੇ ਇਸ ਧਰਤੀ ਦੇ ਉੱਤੇ
ਹਰ ਸਵਾਲ ਉਲਟਾ ਖੜਾ, ਅਜ ਸੀਸ ਆਸਣ ਲਾ ਰਿਹਾ
ਪ੍ਰਾਣਾਯਾਮ ਕਰ ਰਿਹਾ ।

ਔਰਤ ਦੇ ਦਰਦ ਨੂੰ ਜੀਵਨ-ਘਟਨਾਵਾਂ ਦੇ ਸੰਦਰਭ ਵਿਚ ਰਖ ਕੇ ਬਿਆਨਣ ਵਿਚ ਦਲੀਪ ਕੌਰ ਟਿਵਾਣਾ ਦਾ ਕੋਈ ਸਾਨੀ ਨਹੀਂ । ਜ਼ਿੰਦਗੀ ਨਾਲ ਸੰਘਰਸ਼ ਕਰਦੀ ਉਹ ਸਾਹਿਤ-ਸਿਰਜਣਾ ਕਰਦੀ ਰਹੀ । ਉਸ ਦੇ ਆਪਣੇ ਜੀਵਨ ਦਾ ਦਰਦ ਲੋਕ-ਦਰਦ ਵਿਚ ਪਰਿਵਰਤਤ ਹੋ ਗਿਆ । "ਏਹੁ ਹਮਾਰਾ ਜੀਵਣਾ" ਅਜਿਹੇ ਲੋਕ-ਦਰਦ ਦੀ ਇਕ ਚਰਚਿਤ ਗਾਥਾ ਹੈ । ਇਸ ਤੋਂ ਇਲਾਵਾ ਉਸਨੇ ਹੋਰ ਕਈ ਨਾਵਲ ਵੀ ਲਿਖੇ ਹਨ ਤੇ ਕਹਾਣੀਆਂ ਵੀ, ਜਿਹਨਾਂ ਦੇ ਕੇਂਦਰ ਜ਼ਿਆਦਾ ਤਰ ਔਰਤ-ਜੀਵਨ ਦੇ ਹਾਦਸੇ ਹੀ ਹੁੰਦੇ ਹਨ । ਗੁਰਦਿਆਲ ਸਿੰਘ ਵਾਂਗ ਟਿਵਾਣਾ ਨੇ ਵੀ ਇਲਾਕਾਈ ਭਾਸ਼ਾ ਨੂੰ ਆਪਣੀ ਕਥਨੀ ਦਾ ਮਾਧਿਅਮ ਬਣਾਇਆ ਹੈ । ਆਪਣੀ ਰਚਨਾ ਤੇ ਵਿਅਕਤਿਤਵ ਬਾਰੇ ਉਹ ਆਪ ਕਹਿੰਦੀ ਹੈ,

"ਮੈਂ ਰਚਨਾਤਮਕ ਛਿਣਾਂ ਵਿਚ ਹੀ ਸਿਰਫ ਲੇਖਕਾ ਹੁੰਦੀ ਹਾਂ, ਉਸ ਤੋਂ ਅਗੇ ਪਿਛੇ ਸਾਰਾ ਵੇਲਾ ਇਕ ਸਧਾਰਣ ਔਰਤ ਹਾਂ । .....ਕਿਸੇ ਪਲ ਨੂੰ ਰਚਨਾਤਮਕ ਪਲ ਬਣਾ ਲੈਣਾ ਮੇਰੀ ਮਰਜ਼ੀ ਤੇ ਨਹੀਂ ਹੁੰਦਾ. ਇਹ ਰਚਨਾ ਦੀ ਮਰਜ਼ੀ ਤੇ ਹੁੰਦਾ ਹੈ । ਤੇ ਦੂਸਰੀ ਗੱਲ ਇਹ ਕਿ ਜੋ ਪਿੰਡੇ ਨੇ ਜਰਿਆ ਉਹ ਵਕਤੀ ਹੈ, ਸਿਰਫ ਜੋ ਰਚਨਾ ਬਣ ਗਿਆ, ਉਹ ਸਦੀਵੀ ਹੈ..." ਤੇ ਸਚਮੁਚ ਟਿਵਾਣਾ ਦਾ 'ਏਹੁ ਹਮਾਰਾ ਜੀਵਣਾ' ਕਦੀ ਮਰੇਗਾ ਨਹੀਂ । ਮੈਂ ਇਹ ਗੱਲ ਕਹਿਣੋਂ ਵੀ ਸੰਕੋਚ ਨਹੀਂ ਕਰਾਂਗਾ ਕਿ ਉਹ ਅੰਮ੍ਰਿਤਾ ਨਾਲੋਂ ਬੇਹਤਰੀਨ ਨਾਵਲਕਾਰ ਹੈ......ਜੋ ਅੰਮ੍ਰਿਤਾ ਵਾਂਗ ਭਾਵੁਕਤਾ ਤੇ ਸ਼ਬਦ-ਜਾਲ ਤੋਂ ਨਿਰਲੇਪ ਰਹਿ ਕੇ ਰਚਨਾ ਵਿਚ ਪਾਤਰਾਂ ਨੂੰ ਵਿਚਰਨ ਦੇਂਦੀ ਹੈ । ਕਦੇ ਕਦੇ ਉਹ ਨਜ਼ਮਾਂ ਵੀ ਸਿਰਜਦੀ ਹੈ । ਕੁਝ ਵਰ੍ਹੇ ਪਹਿਲਾਂ ਉਸਦੀ ਇਕ ਲਘੂ ਕਵਿਤਾ ਹਾਲੇ ਵੀ ਮੇਰੇ ਜ਼ਿਹਨ ਵਿਚ ਅਬਾਬੀਲ ਵਾਂਗ ਉੱਡਦੀ ਫਿਰਦੀ ਹੈ ।

"ਰਿਸ਼ਤਾ ਕੋਈ ਬਰੋਚ ਨਹੀਂ ਹੁੰਦਾ,
ਨਾ ਚਾਂਦੀ ਦਾ, ਨਾ ਪਿੱਤਲ ਦਾ, ਨਾ ਸੋਨੇ ਦਾ ।"

ਕਹਾਣੀਕਾਰਾ ਅਜੀਤ ਕੌਰ ਉਪਰੋਕਤ ਦੋਨਾਂ ਆਧੁਨਿਕ ਲੇਖਕਾਵਾਂ ਨਾਲੋਂ ਵਿਲੱਖਣ ਸ਼ੈਲੀ ਤੇ ਰਚਨਾ ਦੀ ਸਿਰਜਨਹਾਰ ਹੈ । 'ਗੁਲਬਾਨੋ', 'ਫਾਲਤੂ ਔਰਤ' ਆਦਿ ਉਸਦੀਆਂ ਰਚਨਾਵਾਂ ਨੂੰ ਕੋਈ ਪੰਜਾਬੀ ਪਾਠਕ ਭੁੱਲ ਨਹੀਂ ਸਕਦਾ । ਅਜੀਤ ਕੌਰ...ਜੋ ਵਿਵਰਜਤ ਅੱਗ ਦੇ ਅੰਗਾਰਿਆਂ ਤੇ ਬੇਖ਼ੌਫ਼ ਤੁਰਦੀ...ਉਨ੍ਹਾਂ ਨੂੰ ਪੈਰਾਂ ਹੇਠ ਲਿਤਾੜਦੀ ਅਗੇ ਵਧਦੀ ਰਹੀ ਹੈ । ਔਰਤ-ਮਰਦ ਦੇ ਜਿਨਸੀ ਰਿਸ਼ਤਿਆਂ ਨੂੰ ਜਿਸ ਸੂਖਮਤਾ ਨਾਲ ਉਸਨੇ ਅਭਿਵਿਅਕਤ ਕੀਤਾ ਹੈ...ਕਈ ਵਾਰ ਦੰਦਾਂ ਹੇਠ ਉਂਗਲੀ ਦਬਾਣ ਲਈ ਬੇਵੱਸ ਕਰ ਦਿੰਦਾ ਹੈ । ਉਸ ਨੇ ਸਿੱਧ ਕਰ ਦਿਤਾ ਹੈ ਕਿ ਔਰਤ ਵੀ ਹਰ ਵਿਸ਼ੇ ਨੂੰ ਅਪਨਾ ਸਕਦੀ ਹੈ......ਤੇ ਲਿਖ ਸਕਦੀ ਹੈ । ਅਫ਼ਸੋਸ ! ਇਸੇ ਸਦਕਾ ਕਈ ਵਾਰ ਉਸ ਨੂੰ ਸਕੈਂਡਲਾਂ ਵਿਚ ਘੇਰਨ ਦਾ ਯਤਨ ਵੀ ਕੀਤਾ ਗਿਆ । ਪਰ ਉਸਨੇ ਲਿਖਣਾ ਜਾਰੀ ਰਖਿਆ । ਕਾਸ਼ ! ਉਸਦੀ ਕਲਮ ਦੀ ਸ਼ਕਤੀ ਤੇ ਉਸਦੀ ਰਵਾਨਗੀ ਦੂਣ ਸਵਾਈ ਹੋਵੇ । ਆਪਣੀ ਜ਼ਿੰਦਗੀ ਬਾਰੇ ਉਹ ਲਿਖਦੀ ਹੈ :

"ਰੌਲਿਆਂ ਦੇ ਸੱਤ ਸਮੁੰਦਰੋਂ ਪਾਰ ਉਜੜੀ ਖ਼ਾਮੋਸ਼ੀ ਦੇ ਇਕ ਟਾਪੂ ਵਿਚ, ਫਲਾਣੇ ਰੁੱਖ ਦੀ ਧੁਰ ਉਤਲੀ ਟਾਹਣੀ ਤੇ ਜਿਹੜਾ ਇਕ ਵੀਰਾਨ ਆਹਲਣਾ ਏ, ਜਿਹਦੇ ਦੁਆਲੇ ਕੰਡੀਆਂ ਵਾਲੇ ਸੱਪ ਦਾ ਕੁਰਮਟ ਏ, ਕਿਉਂਕਿ ਆਹਲਣੇ ਦੇ ਨਰਮ-ਕੱਖ ਤੇ ਗੁਦਾਜ਼ ਟਾਹਣੀਆਂ ਕਦੇ ਚੰਦਨ ਦੇ ਰੁਖਾਂ ਤੋਂ ਬਾਰੀਕ ਚੁੰਝਾਂ ਨੇ ਲਿਆਂਦੀਆਂ ਸਨ, ਤੇ ਹਾਲੀ ਵੀ ਜਦੋਂ ਅਵਾਰਾ ਹਵਾ ਚਲਦੀ ਏ ਤਾਂ ਉਹਨਾਂ ਕੱਖਾਂ ਤੇ ਮੋਈਆਂ ਟਾਹਣੀਆਂ ਵਿਚੋਂ ਖ਼ੁਸ਼ਬੂ ਦਾ ਇਕ ਗੁਬਾਰ ਉੱਠਦਾ ਏ ਧੁਰ



Namdhari Elibrary NamdhariElibrary@gmail.com

ਵਾਂਗੂੰ ਤੇ ਫੈਲ ਜਾਂਦਾ ਏ, ਉਸ ਆਹਲਣੇ ਵਿਚ ਜ਼ਬਾਹ ਹੋਏ ਦਿਨਾਂ ਦੇ ਹਾਲੀ ਵੀ ਸਾਹ ਲੈਂਦੇ ਟੁਕੜੇ ਤੇ ਵੀਰਾਨ ਰਾਤਾਂ ਵਿਚ ਟੁੱਟੇ ਕੱਚ ਦੇ ਖਿਲਰੇ ਟੁਕੜਿਆਂ ਤੇ ਤੁਰਦੇ ਲਹੂ ਲੁਹਾਨ ਪੈਰ......"

ਅੰਮ੍ਰਿਤਾ ਦੀਆਂ ਸਮਕਾਲੀ ਦੋ ਹੋਰ ਕਵਿਤਰੀਆਂ ਹਨ...ਪ੍ਰਭਜੋਤ ਤੇ ਸ੍ਰੀਮਤੀ ਬਲਜੀਤ ਤੁਲਸੀ। ਪ੍ਰਭਜੋਤ ਜੋ ਨਾਵਲਕਾਰ ਨਰਿੰਦਰਪਾਲ ਸਿੰਘ ਦੀ ਪਤਨੀ ਤੇ ਪੰਜਾਬੀ ਪਤ੍ਰਿਕਾ 'ਵਿਕੇਂਦਰਿਤ' ਦੀ ਸੰਪਾਦਕ ਹੈ। ਉਸਦੀ ਕਵਿਤਾ ਰੋਮਾਂਚਿਕ ਤੇ ਕੁਝ ਹੱਦ ਤਕ ਸਾਮਿਅਕ ਸੰਦਰਭ ਵਿਚ ਵਿਚਰਦੀ ਹੈ। ਪਰ ਉਸ ਦੀ ਕਵਿਤਾ ਉਹ ਸ਼ੁਹਰਤ ਪ੍ਰਾਪਤ ਨਹੀਂ ਕਰ ਸਕੀ ਜੋ ਅੰਮ੍ਰਿਤਾ ਦੀ, ਤੇ ਨਾ ਹੀ ਪ੍ਰਭਜੋਤ ਦੀ ਕਵਿਤਾ ਵਿਚ ਅੰਮ੍ਰਿਤਾ-ਕ ਵਿ ਜਿੰਨੀ ਵੇਨ-ਸੁਵੇਨਤਾ ਤੇ ਸਮਰਥਾ ਵਿਦਮਾਨ ਹੈ। ਉਸ ਬਹੁਤੀ ਕਵਿਤਾ ਪ੍ਰਚਲਤ ਛੰਦਾਂ ਵਿਚ ਸਿਰਜੀ ਹੈ...ਪਰ ਉਹ ਇਨ੍ਹਾਂ ਦੇ ਬੰਧਨ ਵਿਚ ਵੀ ਨਹੀਂ, ਉਸਨੇ ਸੁਤੰਤਰ ਨਜ਼ਮਾਂ ਵੀ ਲਿਖੀਆਂ ਹਨ। ਉਸ ਦੀ ਕਵਿਤਾ ਨੇ ਆਸ਼ਾਵਾਦੀ ਰੁਮਾਂਸ ਤੋਂ ਬੌਧਿਕ ਤੇ ਸੁਵਿਗਿਆਨਕ ਵਿਸ਼ਿਆਂ ਤਕ ਦਾ ਸਫਰ ਕੀਤਾ ਹੈ। ਸਫਲ ਉਹ ਪਹਿਲੀ ਵੰਨਗੀ ਵਿਚ ਹੈ, ਬਾਦ ਵਾਲੀ ਵਿਚ ਤਾਂ ਉਸ ਦੀ ਕਵਿਤਾ, ਖਿਆਲ ਖੰਡਿਤ ਹੋ ਕੇ ਖਿਲਰੇ ਪਏ ਹਨ.........ਜਿਨ੍ਹਾਂ ਵਿਚੋਂ ਕਿਸੇ ਦਿਸ਼ਾ ਜਾਂ ਸੇਧ ਦੀ ਭਾਲ ਕਠਿਨ ਹੈ।

ਸ੍ਰੀਮਤੀ ਬਲਜੀਤ ਤੁਲਸੀ ਇਨ੍ਹਾਂ ਦੇ ਉਲਟ ਅਧਿਆਤਮਵਾਦੀ ਕਵਿਤਾ ਰੱਚ ਭਾਈ ਵੀਰ ਸਿੰਘ ਦੀ, ਲੀਹ ਤੇ ਤੁਰਨ ਵਾਲੀ ਕਵਿੱਤਰੀ ਸੀ। ਪਰ ਇਕ ਲੰਬੇ ਅਰਸੇ ਤੋਂ ਲਿਖਣਾ ਲਗ ਪਗ ਉਸ ਬੰਦ ਹੀ ਕਰ ਛਡਿਆ ਹੈ। 'ਨੀਲ ਕੰਠ' ਤੋਂ ਇਲਾਵਾ ਹਾਲੇ ਤਕ ਉਨਦੀ ਹੋਰ ਕੋਈ ਪੁਸਤਕ ਜਾਂ ਕਵਿਤਾ ਮੇਰੀ ਨਜ਼ਰੇ ਨਹੀਂ ਪਈ।

ਸ੍ਰੀਮਤੀ ਵਿਜੈ ਚੌਹਾਨ, ਸ੍ਰੀਮਤੀ ਕੈਲਾਸ਼ਪੁਰੀ, ਡਾ: ਜਸਵੰਤ ਗਿੱਲ ਦਾ ਨਾਮ ਲਏ ਬਿਨਾਂ ਇਹ ਲੇਖ ਅਧੂਰਾ ਜਾਵੇਗਾ। ਇਨ੍ਹਾਂ ਤਿੰਨਾਂ ਇਸਤਰੀਆਂ ਨੇ ਸਰੀਰ ਨਾਲ ਸੰਬੰਧ ਰਖਦੀ ਵਿਸ਼ਿਆਂ ਤੇ ਲੇਖ ਲਿਖੇ ਹਨ। ਡਾ: ਜਸਵੰਤ ਇਸ ਵਿਚ ਮੋਹਰੀ ਹੈ। ਚੌਹਾਨ ਨੇ ਕਹਾਣੀਆਂ ਵੀ ਲਿਖੀਆਂ ਹਨ...ਪਰ ਉਹ ਆਪਣੇ ਲੇਖਾਂ ਕਰਕੇ ਜਾਣੀ ਜਾਂਦੀ। ਸ੍ਰੀਮਤੀ ਕੈਲਾਸ਼ਪੁਰੀ, ਜੋ ਇੰਗਲੈਂਡ ਤੋਂ ਪੰਜਾਬੀ ਪਤ੍ਰਿਕਾ ਵੀ ਕੱਢਦੀ ਹੈ...ਵੀ ਇਕ ਨਿੱਡਰ ਨਿੱਝਕ ਹੋ ਕੇ ਲਿਖਣੇ ਵਾਲੀ ਲੇਖਕਾ ਹੈ। ਸਿਤੰਬਰ 76 ਦੇ 'ਕੌਮੀ ਏਕਤਾ' ਵਿਚ ਇਨ੍ਹਾਂ ਦਾ ਛਪਿਆ ਇਕ ਲੇਖ 'ਸੇਜ਼ ਮਲਾਰ' ਇਨ੍ਹਾ ਦੀ ਸ਼ੈਲੀ ਤੇ ਸਮਰਥਾ ਪ੍ਰਤੀਕ ਹੈ। ਸਰੀਰ-ਵਿਗਿਆਨ ਬਾਰੇ ਡਾ: ਜਸਵੰਤ ਤੋਂ ਬਾਅਦ ਕੈਲਾਸਪੁਰੀ ਦਾ ਜ਼ਿਕਰ ਹੀ ਕੀਤਾ ਜਾ ਸਕਦਾ। ਦੋਨਾਂ ਵਿਚ ਇਕ ਅੰਤਰ ਵੀ ਹੈ, ਜਿਥੇ ਡਾ: ਜਸਵੰਤ ਕਾਮ ਸੰਬੰਧੀ ਗੱਲਾਂ ਨੂੰ ਸਹਿਜ ਸੁਭਾਅ, ਸ਼ਬਦ-ਚੋਣ ਰਾਹੀਂ ਕਹਿੰਦੀ ਹੈ, ਉਥੇ ਕੈਲਾਸ਼ਪੁਰੀ ਸਪਸ਼ਟ ਸਾਫ਼ ਤੇ ਕਈ ਵਾਰ ਕਾਮਨ ਸ਼ਬਦਾਂ ਰਾਹੀਂ ਲਿਖਦੀ ਹੈ।

1960 ਤੋਂ ਬਾਅਦ ਬਹੁਤ ਸਾਰੀਆਂ ਇਸਤਰੀ ਲੇਖਕਾਵਾਂ ਦਾ ਪੰਜਾਬੀ ਸਾਹਿਤ ਵਿਚ ਆਗਮਨ ਹੋਇਆ ਜਿਵੇਂ ਸੁਖਵੰਤ ਕੌਰ ਮਾਨ, ਰਾਜਿੰਦਰ ਕੌਰ, ਬੀਬਾ ਕੁਲਵੰਤ, ਰਸ਼ਿਮ, ਚੰਦਨ ਨੇਗੀ ਮਨਜੀਤ ਟਿਵਾਣਾ, ਰਾਜਿੰਦਰ ਗਿੱਲ, ਜਸਨਾਮ ਵਿਘ, ਸ਼ਰਨਜੀਤ, ਦੀਪ ਮੋਹਿਨੀ, ਮਿੰਨੀ ਗਰੇਵਾਲ ਆਦਿ। ਪਰ ਚਰਚਿਤ ਨਾਮ ਕੁਝ ਗਿਣਨ ਗੋਚਰੇ ਹੀ ਹਨ। ਕਹਾਣੀਆਂ ਵਿਚ ਸੁਖਵੰਤ ਮਾਨ ਤੇ ਬੀਬਾ ਕੁਲਵੰਤ ਤੇ ਕਵਿਤਾ ਵਿਚ ਮਨਜੀਤ ਟਿਵਾਣਾ ਉਭਰ ਕੇ ਸਾਹਮਣੇ ਆਈਆਂ ਲੇਖਕਾਵਾਂ ਹਨ।

ਦੀਪ ਮੋਹਿਨੀ ਤੇ ਮਿੰਨੀ ਗਰੇਵਾਲ ਤੋਂ ਉਲਟ ਸੁਖਵੰਤ ਮਾਨ ਦੀਆਂ ਕਹਾਣੀਆਂ ਵਿਚ ਵਧੇਰੇ ਵੇਨ ਸੁਵੇਨਤਾ ਹੈ। ਉਸ ਦੀਆਂ ਕਹਾਣੀਆਂ ਵਿਚ ਔਰਤ ਤਾਂ ਹੈ ਹੀ... ਪਰ ਇਸ ਦੇ ਨਾਲ ਨਾਲ ਉਸ ਨੇ ਮਨੁੱਖੀ-ਜ਼ਿਹਨ ਤੇ ਵਿਅੱਕਤਿਤਵ ਦੇ ਦਵੰਧਾਂ ਨੂੰ ਵੀ ਸੂਖਮਤਾ ਨਾਲ ਪ੍ਰਗਟਾਇਆ ਹੈ। ਰਾਜਿੰਦਰ ਕੌਰ ਵੀ ਵੇਨ-ਸੁਵੇਨੇ ਵਿਸ਼ਿਆਂ ਨੂੰ ਪ੍ਰਗਟਾਉਣ ਵਾਲੀ ਕਹਾਣੀਕਾਰਾ ਹੈ, ਪਰ ਇਸ ਕੋਲ ਸੁਖਵੰਤ ਜਿੰਨੀ ਸ਼ੈਲੀ ਤੇ ਸ਼ਬਦਾਵਲੀ ਨਹੀਂ ਹੈ। 'ਸ਼ਿਕਰਿਆਂ ਦੇ ਜੰਗਲ' 'ਚ ਉੱਡਦੀ ਚਿੱੜੀ ਕੁਲਵੰਤ ਬੀਬੀ ਨੇ ਤਿੰਨ ਕੁ ਵਰੇ ਪਹਿਲਾਂ ਲਿਖਣਾ ਆਰੰਭਿਆ ਸੀ.. ਪਰ ਉਹ ਬਹੁਤ ਹੀ ਜਲਦੀ ਹਰਮਨ ਪਿਆਰੀ ਹੋ ਕੇ 'ਹਯਾਤੀ ਨਾਲੋਂ' ਟੁੱਟੀ ਕੁੜੀ, ਦੀ ਸਿਰਜਨਹਾਰ ਬਣ ਗਈ। ਔਰਤ ਦੇ ਦੁੱਖ-ਦਰਦ, ਸਮਾਜਿਕ-ਗਰੀਬੀ, ਅਨਿਆਂ, ਆਪਸੀ ਰਿਸ਼ਤਿਆਂ ਅਖੌਤੀ ਪਿਆਰ ਆਦਿ ਕਈ ਵਿਸ਼ਿਆਂ ਤੇ ਉਸਨੇ ਕਹਾਣੀ ਲਿਖੀ ਹੈ...ਪਰ ਉਹ ਹਾਲੇ ਆਪਣਾ ਕੋਈ ਨਿਸਚਿਤ ਵਿਸ਼ੇਸ਼ ਨਹੀਂ ਬਣਾ ਸਕੀ। ਕਈ ਵਾਰ ਤਾਂ ਉਸਦੀਆਂ ਕਹਾਣੀਆਂ



Namdhari Elibrary NamdhariElibrary@gmail.com

ਉਪਭਾਵਕ ਪੱਧਰ ਦੀਆਂ ਆਦਰਸ਼ਵਾਦੀ ਹੁੰਦੀਆਂ ਹਨ... ਜੋ ਕਦੇ ਕਦੇ ਗੁਰਬਖਸ਼ ਸਿੰਘ ਤੇ ਨਾਨਕ ਸਿੰਘ ਦੀ ਯਾਦ ਤਾਜ਼ਾ ਕਰਾ ਜਾਂਦੀਆ ਹਨ। ਕਲਪਿਤ ਅਸੰਭਵ ਤੱਤ, ਮੌਕਾ ਮੇਲ, ਅਢੁਕਵੀਂ ਸ਼ਬਦਾਵਲੀ ਆਦਿ ਉਸਦੀਆਂ ਕਹਾਣੀਆਂ ਦੀ ਕਮਜ਼ੋਰੀ ਹੈ। ਰਸ਼ਿਮ ਨੇ ਕੁਝ ਗਿਣਨ ਗੋਚਰੀਆਂ ਕਹਾਣੀਆਂ ਹੀ ਲਿਖੀਆਂ ਹਨ, ਪਰ ਵਿਸ਼ੇ ਦੀ ਸੂਖਮ ਪਕੜ ਦੀ ਸਮਰਥਾ ਰਖਦੀ ਹੈ। ਪਾਤਰਾਂ ਦਾ ਮਨੋਵਿਸ਼ਲੇਸ਼ਣ ਇਸ ਤਰ੍ਹਾਂ ਕਰਦੀ ਹੈ ਕਿ ਪਾਤਰ ਦੀ ਤਹਿ ਦਰ ਤਹਿ ਸਾਡੇ ਸਾਹਮਣੇ ਨੰਗੀ ਹੁੰਦੀ ਜਾਂਦੀ ਹੈ। ਰਸ਼ਿਮ ਨੇ ਕਵਿਤਾ ਤੇ ਵੀ ਹੱਥ ਅਜ਼ਮਾਉਣ ਦਾ ਉਪਰਾਲਾ ਕੀਤਾ ਹੈ। ਇਕ ਛੋਟੀ ਜੇਹੀ ਨਜ਼ਮ ਹੈ 'ਬੜਾ ਕੁਝ'......

ਸਦੀਆਂ ਤੋਂ ਸਫ਼ਰ ਕਰਦੀ ਇਨਸਾਨੀਅਤ,
ਰਾਹ ਵਿਚ ਪਤਾ ਨਹੀਂ ਕੀ ਕੀ ਗੁਆ ਆਈ ਹੈ...
ਬੜਾ ਕੁਝ ਸੰਗਸਾਰ ਹੋਇਆ,
ਬੜਾ ਕੁਝ ਜ਼ਿੰਦਾ ਸਾੜ ਸੁੱਟਿਆ ਗਿਆ

ਪਰ ਸ਼ੁਕਰ ਹੈ ਕਿ ਉਹ ਫਿਰ ਵੀ, ਅੱਗ ਦੇ ਦਰਿਆਂ ਤਰਕੇ ਤੇ ਪਥਰੀਲੇ, ਉਜਾੜ ਬੀਆਬਾਨਾਂ 'ਚੋਂ ਦੀ, ਨੰਗੇ, ਜ਼ਖਮੀ ਪੈਰਾਂ ਨਾਲ ਲੰਘਦੀ ਬੜਾ ਕੁਝ ਬਚਾ ਕੇ ਲਿਆਈ ਹੈ...

ਕੁਲਵੰਤ ਬੀਬਾ ਦੀਆਂ ਕਹਾਣੀਆਂ ਵਾਂਗ ਹੀ, ਪਰ ਉਸ ਤੋਂ ਜ਼ਿਆਦਾ ਤੇਜ਼ ਕਹਾਣੀਆਂ ਲਿਖਣ ਵਾਲੀ ਕਹਾਣੀ-ਕਾਰਾ ਸ਼ਰਨ ਮੱਕੜ ਹੈ।

ਡੋਗਰੀ ਦੀ ਪ੍ਰਸਿੱਧ ਕਹਾਣੀਕਾਰਾ ਚੰਦਨ ਨੇਗੀ ਪੰਜਾਬੀ ਵਿਚ ਵੀ ਕਹਾਣੀ ਰਚਨਾ ਕਰਦੀ ਹੈ। ਇਸ ਨੇ ਪੰਜਾਹ ਦੇ ਕਰੀਬ ਕਹਾਣੀਆਂ ਲਿਖਣੀਆਂ ਆਰੰਭੀਆਂ ਸਨ ਤੇ ਜਿਸ ਬਾਰੇ ਕਦੀ ਪ੍ਰਿੰ ਤੇਜਾ ਸਿੰਘ ਨੇ ਲਿਖਿਆ ਸੀ, "ਮੈਂ ਨਹੀਂ ਵੇਖਾਂਗਾ, ਪਰ ਮੇਰੀ ਸੰਦਲੀ ਵੀਹਾਂ ਵਰ੍ਹਿਆਂ ਨੂੰ ਚਮਕੇਗੀ, ਉਹ ਜ਼ਰੂਰ ਲਿਖੇਗੀ...ਬਹੁਤ ਚੰਗਾ ਲਿਖੇਗੀ..." ਨੇਗੀ ਆਲੇ-ਦੁਆਲੇ 'ਚੋਂ ਆਪਣੀਆਂ ਘਟਨਾਵਾਂ ਲਈ ਹਾਦਸੇ ਇਕੱਤਰ ਕਰਦੀ, ਖੁਦ ਉਨ੍ਹਾਂ ਤੋਂ ਨਿਰਲੇਪ ਹੈ ਉਨ੍ਹਾਂ ਦੀ ਅਭੀਵਿਅੰਜਨਾਂ ਕਰਨ ਵਾਲੀ ਕਹਾਣੀਕਾਰਾਂ ਹੈ। ਉਸ ਦੀਆਂ ਕਹਾਣੀਆਂ ਵਿਚ ਨਾ ਚਾਹੁੰਦਿਆਂ ਵੀ ਲਾਬ ਦਾ ਜ਼ਿਕਰ ਆ ਜਾਂਦੈ...ਦਰਅਸਲ ਜੋ ਵੱਖ ਵੱਖ ਕਹਾਣੀਆਂ ਵਿਚ ਵੱਖ ਵੱਖ ਵਸਤ ਦਾ ਪ੍ਰਤੀਕ ਹੁੰਦਾ ਹੈ। 'ਮੇਰਾ ਆਪ ਮੇਰ ਦੇ' ਉਸ ਦਾ ਪੰਜਾਬੀ ਕਹਾਣੀ-ਸੰਗ੍ਰਹਿ ਹੈ।

ਕਵਿਤਰੀਆਂ ਵਿਚੋਂ ਮਨਜੀਤ ਟਿਵਾਣਾ ਜ਼ਿਆਦਾ ਚਰਚਿਤ ਹੋਈ ਹੈ ਤੇ ਜਿਸਨੇ ਆਪਣਾ ਇਕ ਇਮੇਜ ਵੀ ਸਥਾਪਤ ਕਰ ਲਿਆ ਹੈ। ਉਸਦੀਆਂ ਕਵਿਤਾਵਾਂ ਭਾਵੁਕ ਪੱਧਰ ਤੋਂ ਉਪਰ ਉਠ ਕੇ ਬੌਧਿਕ ਪੱਧਰ ਤੇ ਵਿਚਰਦੀਆਂ ਹਨ। ਉਸਦੀਆਂ ਕਵਿਤਾਵਾਂ ਅਨੁਕਰਣ ਜਾਂ ਦੰਭ ਨਾ ਹੋ ਕੇ ਅਨੁਭੂਤੀ ਦੀ ਪੇਸ਼ਕਾਰੀ ਹੁੰਦੀਆਂ ਹਨ। ਕਵਿਤਾ ਨੂੰ ਉਹ ਮਹਿਜ਼ ਖ਼ਿਆਲੀ ਨਹੀਂ ਮੰਨਦੀ, ਮਨ ਦੀ ਸਾਧਨਾ ਸਵੀਕਾਰਦੀ ਹੈ। ਕਵਿ- ਸਿਰਜਨਾ ਬਾਰੇ ਉਸਦੇ ਆਪਣੇ ਹੀ ਸਿਧਾਂਤ ਹਨ। ਉਹ ਲਿਖਦੀ ਹੈ :

"ਮੈਂ ਕੋਈ ਸਵੈ-ਜੀਵਨੀ ਨਹੀਂ ਪਰ Personal ਤਜਰਬੇ ਨੂੰ Impersonal ਬਨਾਉਂਦੀ ਹਾਂ, ਉਸ ਲਈ ਆਪਣਾ authentic ਤਜਰਬਾ ਜ਼ਰੂਰੀ ਹੈ, ਨਹੀਂ ਤਾਂ ਸਭ ਕੁਝ ਖੋਖਲਾ ਲਗੇਗਾ। Personal experience ਦਾ ਮਤਲਬ ਇਹ ਨਹੀਂ ਕਿ ਇਹ ਸਭ ਕੁਝ ਮੇਰੇ ਨਾਲ ਹੀ ਵਾਪਰੇ, ਪਰ ਮੈਂ ਆਪ ਉਸ ਘਟਨਾ ਨੂੰ ਮਹਿਸੂਸ ਕਰਾਂ। ਕਵਿਤਾ ਅਕਸਰ ਤੇ ਖ਼ਾਸ ਤੌਰ ਤੇ ਆਪਣੇ ਅੰਦਰੂਨੀ ਆਪੇ ਦੀਆਂ ਅਣਜਾਣੀਆਂ ਡੂੰਘਾਣਾਂ ਤੇ ਮਨ ਦੀਆਂ ਗਹਿਰਾਈਆਂ ਵਲ ਪਹੁੰਚਣ ਦੀ ਯਾਤਰਾ ਹੈ।

ਉਸ ਦੀ ਕਵਿਤਾ ਵਿਚ ਇਕ ਤਨਾਓ ਹੈ, ਇਕ ਸੰਘਰਸ਼ ਹੈ...ਸੁਤੰਤਰਤਾ ਲਈ ਜਾਂ...ਹਯਾਤੀ ਤੇ ਸਭਿਅਤਾ ਨਾਲੋਂ ਟੁੱਟਣ ਉਪਰੰਤ ਮੁੜ ਪਰਤ ਆਉਣ ਲਈ। ਇਸ ਤਰ੍ਹਾਂ ਉਸਦੀ ਕਵਿਤਾ ਵਿਚ ਵੱਖ ਵੱਖ ਮਾਨਵੀ-ਮੂਡਜ਼ ਵੀ ਪ੍ਰਵਿਸ਼ਟ ਹੋ ਗਏ ਹਨ। ਅੱਜ ਦੀ ਹੰਭੀ ਹਾਰੀ ਮਨੁੱਖ-ਜ਼ਿੰਦਗੀ ਦਾ ਵਰਨਣ ਆਸ਼ਾ ਤੇ ਨਿਰਾਸ਼ਾ ਦੋਨਾਂ ਸਵਰਾਂ 'ਚ ਹੈ...ਪਰ ਆਸ਼ਾ ਵਧੇਰੇ ਹੈ। ਉਹ ਹਮੇਸ਼ਾ ਬਿੰਬਾਂ, ਪ੍ਰਤੀਬਿੰਬਾਂ ਤੇ ਪ੍ਰਤੀਕਾਂ ਰਾਹੀਂ ਆਪਣੀ ਗੱਲ ਕਹਿਣ ਦਾ ਪ੍ਰਯਤਨ ਕਰਦੀ ਹੈ।

1 ਬਿਨ ਨਾਵੇਂ ਬੰਦੇ, ਪਤਝੜ ਦੀ ਬਹਾਰ, ਉਜਾੜ ਦਾ
ਕਾਲੀ ਨਦੀ ਦਾ ਤੂਫਾਨ ਬੁਲਾ ਰਿਹੈ, ਖੜੀ ਰਵਾਂ ਕਿ
ਤੁਰ ਜਾਵਾਂ ?
ਰੀਤ ਰਿਵਾਜ, ਜੇਮ੍ਹ ਕੈਦ ਤਿੱਥ ਤਿਉਹਾਰ
ਮੈਂ ਲਛਮਣ ਰੇਖਾ ਤੋੜ ਦਿਆਂ-ਕਿ ਤੁਰ ਜਾਵਾਂ ?

2 ਅਸੀਂ ਸੂਰਜ ਦੇ ਚੜ੍ਹਨ ਨੂੰ ਉਡੀਕਦੇ ਥੱਕ ਗਏ ਹਾਂ
ਏਨੇ ਉਦਾਸ ਸਮਿਆਂ ਵਿਚ ਸਾਡੇ ਬੱਚੇ ਕਿਵੇਂ ਰਹਿਣਗੇ
ਉਹ ਸਾਰੇ ਜਾਂ ਤਾਂ ਭੇਡ ਚਾਲ ਚਲਣਗੇ
ਜਾਂ ਗਿਦੜਾਂ ਦੇ ਘਰਾਂ 'ਚ ਲੁਕਣਗੇ

ਪਿਛਲੇ ਵਰ੍ਹੇ ਤੋਂ ਕਾਵਿ-ਜਗਤ ਵਿਚ ਇਕ ਹੋਰ ਇਸਤਰੀ ਕਵਿਤਰੀ ਨੇ ਪ੍ਰਵੇਸ਼ ਕੀਤਾ ਹੈ—ਨਾਮ ਹੈ ਰਾਜਿੰਦਰ। ਹੁਣ ਤੱਕ ਉਸਦੀਆਂ 'ਦ੍ਰਿਸ਼ਟੀ' 'ਨਾਗਮਣੀ' ਤੇ 'ਬਿੰਦੂ' ਵਿਚੋਂ ਕੁਝ ਰਚਨਾਵਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਜੇ ਉਹ ਅਜੇਹੀਆਂ ਕਵਿਤਾਵਾਂ ਸਿਰਜਦੀ ਰਹੀ ਤਾਂ ਮਨਜੀਤ ਟਿਵਾਣਾ ਦੀ ਹਮਸਫਰ ਹੋ ਕਾਵਿ-ਖੇਤਰ 'ਚ ਇਸਤਰੀ ਸਿਰਜਨਾ-ਕਾਰ ਦੀ ਘਾਟ ਦਾ ਉਲ੍ਹਾਂਭਾ ਲਾਹ ਦਏਗੀ। ਚਾਹੇ ਇਸ ਲ



Namdhari Elibrary NamdhariElibrary@gmail.com

ਟਿਵਾਣਾ ਵਾਂਗ ਬੌਧਿਕਤਾ ਨਹੀਂ ਜਾਂ ਕਹਿ ਲਈਏ ਏਨ੍ਹੀ ਸੂਖਮਤਾ ਨਹੀਂ...ਪਰ ਫਿਰ ਵੀ ਮਨ ਨੂੰ ਟੁੰਬਦੀ ਹੈ। ਸੁੰਦਰ ਤੇ ਸਰਲ ਸ਼ਬਦਾਵਲੀ ਵਿਚ ਵੱਡੀ ਗੱਲ ਕਹਿਣ ਦੀ ਸਮਰਥਾ ਰਖਦੀ ਹੈ। ਜਿਵੇਂ :

ਕਾਸ਼, ਮੈਂ ਕਿਸੇ ਹਨੇਰੇ ਜੰਗਲ ਦੇ ਕੋਨੇ ਵਿਚ ਉੱਗਿਆ ਭੋਜ-ਪੱਤਰ ਹੁੰਦੀ,

ਤੂੰ ਕਿਸੇ ਰਿਸ਼ੀ ਵਾਂਗ, ਆਪਣੀ ਗਹਿਰ ਗੰਭੀਰ ਸੋਚ ਮੇਰੇ ਤੇ ਉਲੀਕਦਾ।

ਜਾਂ ਮੈਂ ਕਪਾਹ ਦੀ ਕੋਈ ਫੁੱਟੀ ਹੁੰਦੀ

ਕੋਈ ਮੈਨੂੰ ਚੁਣਦਾ ਪਿੰਜਦਾ ਤੁੰਬਦਾ ਕੱਤਦਾ, ਤੇ ਓੜਕ

ਵਸਤਰ ਉਣਦਾ ਸਬੱਬ ਨਾਲ ਮੈਂ ਤੇਰਾ ਕੁੜਤਾ ਬਣਦੀ

ਤੁਲਨਾਵਾਂ, ਪ੍ਰਤੀਕਾਂ ਤੇ ਬਿੰਬਾਂ ਦੀ ਨਵੀਨਤਾ ਉਸਦੀ ਕਵਿਤਾ ਦਾ ਪ੍ਰਮੁੱਖ ਗੁਣ ਹੈ। ਮਾਨਵੀ-ਮੂਡ ਨੂੰ ਪ੍ਰਾਕ੍ਰਿਤਕ ਨਜ਼ਾਰੇ ਦੇ ਮਾਧਿਅਮ ਰਾਹੀਂ ਜਿਸ ਖੂਬੀ ਨਾਲ ਪ੍ਰਗਟਾਇਆ ਹੈ...ਉਸਦੀਆਂ ਉਦਾਹਰਣਾਂ ਘੱਟ ਹੀ ਉਪਲਬਧ ਹਨ :—

ਇਹ ਉਹ ਵਕਤ ਸੀ,
ਜਦ ਰੁੱਖ ਆਪਣੀਆਂ ਜੜ੍ਹਾਂ ਵਲ ਪਰਤ ਰਹੇ ਸਨ
ਜਿੱਥੇ ਇੱਛਾ ਹਨੇਰੇ ਨੂੰ ਰੰਗਾਂ ਵਿਚ ਬਦਲਦੀ ਹੈ।
ਐਸੇ ਮੌਸਮ ਦੇ ਅੰਤ ਵਿਚ
ਅਸੀਂ ਅਚਾਨਕ ਮਿਲ ਗਏ।
ਇਕ ਮੌਸਮ ਤੋਂ ਦੂਜੇ ਮੌਸਮ ਵਿਚਕਾਰ
ਜੰਗਲ ਹਿਲ ਰਿਹਾ ਸੀ
ਪਰ ਕੋਈ ਐਸੀ ਸੜਕ ਨਹੀਂ ਸੀ
ਜੋ ਸਾਨੂੰ ਉਸ ਤੱਕ ਲੈ ਜਾਂਦੀ।
ਥੋੜਾ ਜਿਹਾ ਅੱਗੇ
ਜਿਥੋਂ ਤੱਕ ਅਸੀਂ ਵੇਖ ਸਕਦੇ ਸਾਂ
ਸਾਡੇ ਵਲ ਆਉਣ ਲਈ
ਸੂਰਜ ਬਰਫ਼ 'ਚੋਂ ਉੱਗ ਰਿਹਾ ਸੀ।

ਇਨ੍ਹਾਂ ਤੋਂ ਇਲਾਵਾ ਸੁਰਿੰਦਰ ਗਿੱਲ ਤੇ ਸੁਰਿੰਦਰ ਭਾਟੀਆ ਜੁਝਾਰਵਾਦੀ ਕਵੀਆਂ ਦੇ ਸੰਪਰਕ ਵਿਚ ਰਹਿਣ ਕਰਕੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਵਿਦਰੋਹੀ ਕਵਿਤਾਵਾਂ ਸਿਰਜਦੀਆਂ ਹਨ। ਇਨ੍ਹਾਂ ਵਿਚੋਂ ਵੀ ਸੁਰਿੰਦਰ ਗਿੱਲ (ਸ. ਸੁ-ਅੱਖਰ) ਵਿਚ ਕਾਵਿ-ਸਿਰਜਨਾ ਦੀ ਸੁਚੇਤ ਸਮਰਥਾ ਵਧੇਰੇ ਹੈ ਗੱਲ ਸਿਰਫ਼ ਗੰਭੀਰ ਹੋ ਕੇ ਲਿਖਣ ਦੀ ਹੈ। ਹਰਜੋਤ ਕੌਰ ਤੇ ਹਰਵਿੰਦਰ ਗੋਹਲ ਦੋ ਹੋਰ ਨਵੇਂ ਨਾਮ ਉਲੇਖਣੀਏ ਹਨ। 'ਨਾਗਮਣੀ' ਮਈ 76 ਦੇ ਟਾਈਟਲ ਪੇਜ ਤੇ ਛਪੀ ਹਰਜੋਤ ਦੀ ਕਵਿਤਾ ਦੀ ਸ਼ਬਦ ਵਲੀ ਤੇ ਸ਼ੈਲੀ ਸਾਡਾ ਧਿਆਨ ਆਪਣੇ ਵਲ ਕੇਂਦਰਿਤ ਕਰਦੀ ਹੈ :—

"ਪਰ ਤੁਸੀਂ ਮੈਥੋਂ ਹੁਣ ਨਾ ਡਰਨਾ
ਮੈਂ ਆਪਣੇ ਕੂਕਦੇ ਧਾਹਾਂ ਮਾਰਦੇ ਬੋਲ,
ਉਸ ਥਾਂ ਜੀਉਂਦੇ ਦਫਨਾ ਦਿਤੇ ਹਨ–
ਜਿਸ ਥਾਂ ਤੇ ਸਾਡੇ ਰਸਤੇ ਅੱਡ ਅੱਡ ਹੁੰਦੇ ਹਨ—
ਤੇ ਹੁਣ ਕੋਈ ਤੁਹਾਡੇ ਉੱਡਦੇ ਪੱਲਿਆਂ ਨੂੰ
ਕੰਡਿਆਂ ਦੀ ਤਰ੍ਹਾਂ ਖਿਚ ਕੇ ਨਹੀਂ ਆਖੇਗਾ
ਕਿ ਕਾਗਜ਼ ਵਰਗੀ ਹੋਂਦ ਲੈ ਕੇ ਵਰ੍ਹਦੇ ਮੀਂਹ ਵਿਚ ਨਾ ਜਾਉ,
ਗਲ ਜਾਉਗੇ।"

ਰਵਾਇਤੀ ਕਿਸਮ ਦੀ ਕਾਵਿ-ਸਿਰਜਨਾ ਵਿਚ ਸੁਪਨ-ਮਾਲਾ ਮਨਜੀਤ ਇੰਦਰਾ, ਸ੍ਰੀ ਮਤੀ ਰਾਜ ਬੇਦੀ, ਨਿਰੰਜਣ ਅਵਤਾਰ, ਸ਼ਰਨਜੀਤ ਕਾਬਰਵਾਲ ਦੇ ਨਾਮ ਲਏ ਜਾ ਸਕਦੇ ਹਨ।

ਹੁਣ ਇਕ ਸਵਾਲ ਇਹ ਉਤਪੰਨ ਹੁੰਦਾ ਹੈ ਕਿ ਇਨ੍ਹਾਂ ਇਸਤਰੀਆਂ ਵਲੋਂ ਰਚਿਆ ਗਿਆ ਸਾਹਿਤ ਕੀ ਸਾਡੇ ਮਰਦ ਸਾਹਿਤਕਾਰਾਂ ਦੇ ਸਮਾਨੰਤਰ ਚਲਦਾ ਹੈ? ਮੇਰਾ ਜਵਾਬ 'ਹਾਂ' ਵਿਚ ਹੀ ਹੋਵੇਗਾ। ਪੂਰਵ-ਅੰਮ੍ਰਿਤਾ ਇਸਤਰੀ ਸਾਹਿਤ-ਕਾਰਾਂ ਤੋਂ ਲੈ ਕੇ ਹੁਣ ਤੱਕ ਹਰ ਇਸਤਰੀ ਦੀ ਰਚਨਾ ਮਰਦ-ਰਚਨਾ ਬਰਾਬਰ ਚਲਦੀ ਆਈ ਹੈ। ਸਗੋਂ ਕਈ ਪੱਖਾਂ ਵਿਚ ਤਾਂ ਇਸਤਰੀ ਲੇਖਕਾਵਾਂ ਅੱਗੇ ਨਿਕਲ ਗਈਆਂ ਹਨ। ਪੰਜਾਬੀ ਕਹਾਣੀ ਵਿਚ ਅਜੀਤ ਕੌਰ ਦੀ ਦੇਣ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਜਿਸ ਢੰਗ ਤੇ ਸੂਖ-ਮਤਾ ਨਾਲ ਉਸਨੇ ਜ਼ਿੰਦਗੀ ਦੇ ਰਿਸ਼ਤਿਆਂ ਨੂੰ ਕਹਾਣੀਆਂ ਵਿਚ ਪੇਸ਼ ਕੀਤਾ ਹੈ, ਕੋਈ ਮਰਦ ਕਹਾਣੀਕਾਰ ਉਸਦੇ ਤੁਲ ਨਹੀਂ। ਕਵਿਤਾ-ਦੇ ਖੇਤਰ ਵਿਚ ਅੰਮ੍ਰਿਤਾ ਤੇ ਮਨਜੀਤ ਟਿਵਾਣਾ ਨਾਮ ਲਏ ਜਾ ਸਕਦੇ। ਅੰਮ੍ਰਿਤਾ ਦਾ ਹਮਸਫ਼ਰ ਪ੍ਰੋ ਮੋਹਨ ਸਿਘ ਤਕਰੀਬਨ ਕਾਵਿ-ਮੈਦਾਨ 'ਚੋਂ ਬਾਹਰ ਨਿਕਲ ਚੁੱਕਾ ਹੈ, ਪਰ ਅੰਮ੍ਰਿਤਾ ਹਾਲੇ ਵੀ ਨਵੀਨ ਪ੍ਰਵਿਰਤੀਆਂ ਦਾ ਪ੍ਰਭਾਵ ਗ੍ਰਹਿਣ ਕਰਦੀ ਤੇ ਪਾਉਂਦੀ ਕਾਵਿ-ਰਚਨਾ ਕਰਦੀ ਆ ਰਹੀ ਹੈ। 'ਤੱਤੇ ਲਹੂ ਦੀ ਕਵਿਤਾ' ਦਾ ਆਗਾਜ਼ ਉਸ ਤੇ ਉਸ ਦੀ 'ਨਾਗਮਣੀ' ਨਾਲ ਹੀ ਜੋੜਿਆ ਜਾਂਦਾ ਹੈ ਤੇ ਇਸ ਤਰ੍ਹਾਂ ਦੀ ਕਵਿਤਾ ਹਰ ਸ਼ਾਇਰ ਨੇ ਰਚੀ ਹੈ।

ਅਜ ਜਦੋਂ ਵੀ ਨਵੀਨ ਕਵਿਤਾ ਦੀ ਗੱਲ ਤੁਰਦੀ ਹੈ ਤਾਂ ਮਨਜੀਤ ਟਿਵਾਣਾ ਦਾ ਨਾਮ ਆਪਮੁਹਾਰੇ ਆ ਜਾਂਦਾ ਹੈ। ਇਸੇ ਤਰ੍ਹਾਂ ਨਾਵਲ ਖੇਤਰ ਵਿਚ ਦਲੀਪ ਟਿਵਾਣਾ ਕਿਸੇ ਵੀ ਤਰ੍ਹਾਂ ਗੁਰਦਿਆਲ ਸਿੰਘ ਤੋਂ ਪਿਛੇ ਨਹੀਂ। ਗੱਲ ਦੀ ਹਰ ਇਸਤਰੀ ਸਾਹਿਤਕਾਰ ਦੀ ਰਚਨਾ ਨੇ ਪੰਜਾਬੀ ਸਾਹਿਤ ਵਿਚ ਵਰਨਣ-ਯੋਗ ਹਿੱਸਾ ਪਾਇਆ ਹੈ, ਜਿਨ੍ਹਾਂ ਦੇ ਜ਼ਿਕਰ ਬਗੈਰ ਪੰਜਾਬੀ ਸਾਹਿਤ ਦਾ ਇਤਿਹਾਸ ਅਧੂਰਾ ਰਹੇਗਾ। ਨਵੀਨ ਲੇਖਕਾਵਾਂ ਤੋਂ ਪੰਜਾਬੀ ਸਾਹਿਤ ਨੂੰ ਚੰਗੀ ਆਸ ਹੈ।

—ਜੇ.ਸੀ. ਡੀ. ਏ. ਵੀ. ਕਾਲਜ
ਦਸੂਆ (ਹੁਸ਼ਿਆਰਪੁਰ)



Namdhari Elibrary NamdhariElibrary@gmail.com

# ਖਲੂਸ : ਖਲੂਸ

ਕੇ. ਐਲ. ਗਰਗ ਐਮ. ਏ. ਮੋਗਾ

ਗਰਗ ਕਹਾਣੀ ਵੀ ਲਿਖਦਾ ਹੈ, ਸਾਹਿਤਕਾਰਾਂ ਦੇ ਰੇਖਾ ਚਿਤਰ ਵੀ ਅਤੇ ਉਨ੍ਹਾਂ ਦੀਆਂ ਇੰਟਰਵਿਊਆਂ ਵੀ ਕਰਦਾ ਹੈ। ਉਸ ਦੀ ਕਹਾਣੀ ਕਟਾਖਮਈ ਹੁੰਦੀ ਹੈ, ਪਰ ਕਈ ਵਾਰੀ ਕਟਾਖ ਖਰ੍ਹਵਾ ਹੋ ਜਾਂਦਾ ਹੈ। ਛੋਟੀਆਂ ਛੋਟੀਆਂ ਗੱਲਾਂ ਤੇ ਨਸ਼ਤਰ ਲਾਉਂਦੇ ਸਮੇਂ ਕਈ ਵਾਰ ਉਹ ਬਹੁਤ ਵੱਡੀ ਗਲ ਕਹਿ ਜਾਂਦਾ ਹੈ। ਇਕ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦੇ ਚੁਕਾ ਹੈ ਤੇ ਦੂਜਾ ਛਪ ਰਿਹਾ ਹੈ। ਯਾਰਾਂ ਦਾ ਯਾਰ ਗਰਗ ਵਿਭ—ਭੁਲਸੇ ਲਈ ਨਿਆਣੇ ਪੜ੍ਹਾਉਣ ਦਾ ਕੰਮ ਕਰਦਾ ਹੈ। —ਸੰਪਾਦਕ

ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਲਾਹੌਰ ਦੇ ਪ੍ਰਸਿੱਧ ਟੇਲਰ ਮਾਸਟਰ ਕੋਲ ਕੰਮ ਸਿੱਖਦਾ ਹੁੰਦਾ ਸੀ। ਮੁੰਡੂਆਂ ਵਾਲੇ ਨਿੱਕੇ ਨਿੱਕੇ ਕੰਮ ਜਿਵੇਂ ਕਮੀਜ਼ਾਂ ਦੇ ਕਾਜ ਪੱਕੇ ਕਰਨੇ, ਬਟਨ ਲਾਉਣੇ। ਰਸ਼ੀਦ ਦੀ ਦੁਕਾਨ ਤੇ ਲਾਹੌਰ ਦੇ ਵੱਡੇ ਵੱਡੇ ਲੇਖਕ, ਪ੍ਰੋਫੈਸਰ ਅਤੇ ਅਦੀਬ ਆਇਆ ਕਰਦੇ ਸਨ, ਜੋ ਕਈ ਵਾਰ ਉਥੇ ਮੇਚ ਦੇਣ ਆਏ ਈ ਬਹਿਸ ਕਰਨ ਬਹਿ ਜਾਂਦੇ ਤੇ ਘੰਟਿਆਂ ਬਧੀ ਸਾਹਿਤਿੱਕ ਚਰਚੇ ਕਰਦੇ ਰਹਿੰਦੇ। ਮੈਂ ਵੀ ਉਹਨੀਂ ਦਿਨੀਂ ਉਥੋਂ ਦੇ ਇਕ ਉਘੇ ਕਾਲਜ 'ਚ ਪਰੋਫੈਸਰ ਸਾਂ ਤੇ ਲੇਖਕਾਂ ਵਿਚ ਮੇਰਾ ਨਾਂ ਕਾਫੀ ਉੱਘਾ ਸੀ। ਉਹ ਮੇਰਾ ਉਥੇ ਹੀ ਵਾਕਿਫ ਬਣਿਆ। ਦੋ ਚਾਰ ਜਮਾਤਾਂ ਉਹ ਪੜ੍ਹਿਆ ਹੋਇਆ ਸੀ ਪਰ ਉਹਨੂੰ ਪੜ੍ਹਨ ਦਾ ਤੇ ਬਾਦ ਵਿਚ ਲਿਖਣ ਦਾ ਸ਼ੌਕ ਪੈਦਾ ਹੋ ਗਿਆ ਸੀ। ਮੈਂ ਉਸ ਨੂੰ ਕਈ ਵਾਰੀ ਸਾਹਿੱਤਕ ਅਤੇ ਉਕਰਾਂ ਗੱਲਾਂ ਵੀ ਦੇ ਛੱਡਦਾ ਸੀ ਜਿਸ ਕਰਕੇ ਉਹ ਮੈਨੂੰ ਗੁਰੂ ਗੁਰੂ ਕਹਿਣ ਲੱਗ ਪਿਆ ਸੀ।

ਦੇਸ਼ ਦੀ ਵੰਡ ਤੋਂ ਬਾਦ ਉਹ ਦਿੱਲੀ ਜਾ ਵਸਿਆ ਤੇ ਮੈਂ ਇਕ ਛੋਟੇ ਜਿਹੇ ਕਸਬੇ ਵਿਚੇ ਪਰੋਫੈਸਰ ਲੱਗ ਗਿਆ। ਉਸ ਕਨਾਟ-ਪਲੇਸ ਵਿਚ ਥਾਂ ਅਲਾਟ ਕਰਵਾ ਲਈ ਤੇ ਉਥੇ ਇਕ ਪ੍ਰਕਾਸ਼ਨ ਵਿਭਾਗ ਖੋਹਲ ਲਿਆ ਤੇ ਆਪ ਵੀ ਕਹਾਣੀਆਂ ਅਤੇ ਨਾਵਲ ਲਿਖਣ ਲੱਗ ਪਿਆ। ਉਹਦਾ ਮੇਰੇ ਨਾਲ ਚਿੱਠੀ ਪੱਤਰ ਦਾ ਸਿਲਸਿਲਾ ਕਾਇਮ ਰਿਹਾ ਕਿਉਂਕਿ ਮੇਰੇ ਇਧਰ ਆਉਣ ਤੋਂ ਪਹਿਲਾਂ ਹੀ ਮੇਰਾ ਨਾਂ ਅਤੇ ਪ੍ਰਸਿੱਧੀ ਇੱਧਰ ਆ ਚੁਕੀ ਸੀ। ਮੈਂ ਉਸ ਦੀਆਂ ਇਕ ਦੋ ਪੁਸਤਕਾਂ ਦੇ ਮੁਖਬੰਧ ਵੀ ਲਿਖੇ ਅਤੇ ਕਈ ਯੋਗ ਰਾਵਾਂ ਵੀ ਦਿੱਤੀਆਂ ਪਰ ਸਭ ਕੁਝ ਪੱਤਰਾਂ ਰਾਹੀਂ ਹੀ ਹੋਇਆ। ਲਾਹੌਰੋਂ ਆਉਣ ਤੋਂ ਬਾਦ ਮੈਂ ਕਦੀ ਉਹਨੂੰ ਮਿਲਿਆ ਨਹੀਂ ਸਾਂ।

ਐਤਕੀਂ ਕੋਈ ਅਨ੍ਹਾਈ ਵਰ੍ਹਿਆਂ ਬਾਦ ਮੈਂ ਦਿੱਲੀ ਆਇਆ ਸੀ। ਮੈਂ ਸਕੂਟਰ ਕਰਕੇ ਉਸ ਦੀ ਦੁਕਾਨ ਤੇ ਪਹੁੰਚਿਆ। ਉਹ ਬੜੇ ਹੀ ਤਪਾਕ ਨਾਲ ਮਿਲਿਆ।

"ਧੰਨ ਗੁਰੂ ਨਾਨਕ, ਧੰਨ ਹੋ ਮਹਾਰਾਜ—ਆਉ, ਇਹਿ ਦੇਖੋ ਕੌਣ ਆਏ ਹਨ......ਭੱਜ ਕੇ ਆਓ......ਦੇਖੋ...... ਦੇਖੋ" ਉਹ ਖੜਾ ਹੋ ਕੇ ਇਉਂ ਉੱਚੀ ਉੱਚੀ ਬੋਲਣ ਲੱਗਾ ਕਿ ਉਹ ਨੌਕਰਾਂ ਚਾਕਰਾਂ ਤੇ ਯਾਰਾਂ ਦੋਸਤਾਂ (ਜੋ ਕਿ ਪਿਛਲੇ ਕਮਰੇ ਵਿਚ ਬੈਠੇ ਚਾਪਾਂ ਛਕ ਰਹੇ ਸਨ, ਨੇ ਸਮਝਿਆ ਕਿ ਦੁਕਾਨ ਨੂੰ ਅੱਗ ਲੱਗ ਗਈ ਹੈ ਜਾਂ ਘੱਟੋ ਘੱਟ ਉਹਦੇ ਬੂੰਡ ਜ਼ਰੂਰ ਲੜਿਆ ਹੋਵੇਗਾ ਮੈਨੂੰ ਉਸ ਘੁੱਟ ਕੇ ਜੱਫੀ ਪਾ ਲਈ। ਉਹਦੇ ਯਾਰ ਦੋਸਤ ਜੋ ਕਿਸੇ ਯੂਨੀਵਰਸਿਟੀ ਦੇ ਪਰੋਫੈਸਰ ਸਨ, ਇਕ ਅੱਧ ਰੇਡੀਓ ਤੇ ਵੀ ਪਰੋਡਿਊਸਰ ਸੀ, ਮੁੱਛਾਂ ਪੂੰਝਦੇ ਆ ਗਏ ਸਨ। ਮੈਂ ਉਹਨਾਂ ਨਾਲ ਵੀ ਹੱਥ ਮਿਲਾਇਆਂ। ਉਹ ਮੇਰਾ ਨਾਂ ਸੁਣ ਕੇ ਬਹੁਤ ਖੁਸ਼ ਹੋਏ। "ਸੁਣਾਉ ਫਿਰ ਕਦੀ ਲਾਹੌਰ ਗਏ ਓ ਉਦੂੰ ਬਾਦ ? ਲਾਹੌਰ ਦੀਆਂ ਕੀ ਰੀਸਾਂ ਸਨ। ਕੋਈ ਵੇਲੇ ਸਨ, ਕੋਈ ਰੰਗੀਨੀਆਂ ਸਨ—ਬਿਨਾਂ ਪੀਤਿਆਂ ਨਸ਼ਾ ਆ ਜਾਂਦਾ ਸੀ ਮਾਲ ਰੋਡ ਦੀ ਸੈਰ ਕਰਕੇ," ਉਹ ਜੋਸ਼ ਨਾਲ ਕਹਿ ਰਿਹਾ ਸੀ।

"ਕਿਥੇ, ਅਸੀਂ ਤਾਂ ਯਾਰ ਅਜਿਹੇ ਨਿਕਲੇ ਮੁੜ ਉਥੇ ਜਾਣਾ ਨਸੀਬ ਨਹੀਂ ਹੋਇਆ, ਯਾਰਾਂ ਦੋਸਤਾਂ ਦੀਆਂ ਬਹੁਤ ਚਿੱਠੀਆਂ ਆਈਆਂ ਪਰ ਕਿੱਥੇ ਜਾ ਹੁੰਦੇ ਘਰ ਦੇ ਝਮੇਲਿਆਂ 'ਚੋਂ ਨਿਕਲ ਕੇ!" ਮੈਂ ਉਦਾਸ ਹੋ ਕੇ ਕਿਹਾ, ਸੱਚਮੁਚ ਮੈਨੂੰ ਲਾਹੌਰ ਦੀ ਯਾਦ ਆ ਗਈ ਸੀ।

"ਮੈਂ ਤਾਂ ਐਤਕਾਂ ਜੱਥੇ 'ਚ ਗਿਆ ਸਾਂ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਮੇਲਾ ਲੱਗਾ ਸੀ।" ਉਸ ਦਸਿਆ।



Namdhari Elibrary NamdhariElibrary@gmail.com

"ਬਈ ਉਥੋਂ ਦਾ ਪਿਆਰ, ਮੁਹੱਬਤ, ਖ਼ਲੂਸ ਦਾ ਤਾਂ ਕੋਈ ਮੁਕਾਬਲਾ ਈ ਨਹੀਂ।" ਮੈਂ ਕਿਹਾ।

"ਬਿਲਕੁਲ ਠੀਕ, ਤੁਸੀਂ ਦਰੁਸਤ ਫਰਮਾਉਂਦੇ ਓ। ਸਾਨੂੰ ਉਹਨਾਂ ਸਿਰ ਤੇ ਚੁੱਕ ਲਿਆ। ਖਾਣੇ ਹੋਏ, ਦਾਹਵਤਾਂ ਕੀਤੀਆਂ ਗਈਆਂ, ਸਾਹਿੱਤਿਕ ਮੀਟਿੰਗਾਂ ਬੁਲਾਈਆਂ ਗਈਆਂ ਤੇ ਤੋਹਫੇ ਤੇ ਤੋਹਫੇ ਦਿੱਤੇ ਗਏ। ਲਾਹੌਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਨੇ ਸਾਨੂੰ ਖਾਣੇ ਤੇ ਬੁਲਾਇਆ", ਉਸ ਸਾਰਾ ਬਿਉਰਾ ਦੱਸਦੇ ਹੋਏ ਕਿਹਾ।

ਮੈਨੂੰ ਆ ਕੇ ਬੈਠੇ ਨੂੰ ਘੰਟਾ ਕੁ ਹੋ ਚੁਕਿਆ ਸੀ। ਜਿਥੇ ਮੈਂ ਠਹਿਰਿਆ ਸਾਂ ਮੈਂ ਸਿਰਫ਼ ਨਾਸ਼ਤਾ ਹੀ ਕਰ ਕੇ ਆਇਆ ਸਾਂ। ਭੁੱਖ ਅਤੇ ਪਿਆਸ ਮੇਰੇ ਚਿਹਰੇ ਤੋਂ ਸਪਸ਼ਟ ਝਲਕ ਰਹੀ ਸੀ। ਮੇਰੀ ਭੁੱਖਣਭਾਣੀ ਹਾਲਤ ਵੇਖ ਕੇ ਅਤੇ ਮੇਰੇ ਸਾਥੀ ਨੂੰ ਗੱਲਾਂ 'ਚ ਰੁਝਿਆ ਵੇਖ ਕੇ ਉਹਦੇ ਹੀ ਇਕ ਕਰਮਚਾਰੀ ਨੇ ਪੁੱਛ ਲਿਆ :

"ਕਿਉਂ ਜੀ ਦਰਦੀ ਸਾਹਿਬ, ਚਾਹ ਮੰਗਵਾਈਏ ਇਹਨਾਂ ਵਾਸਤੇ ?"

ਉਹ ਮਿੰਟ ਕੁ ਆਪਣੇ ਕਰਮਚਾਰੀ ਦੇ ਚਿਹਰੇ ਵੱਲ ਘੂਰ ਘੂਰ ਵੇਖਦਾ ਰਿਹਾ ਤੇ ਫਿਰ ਕੁ ਮੇਰੇ ਵੱਲ ਝਾਕ ਕੇ ਔਖਾ ਜਿਹਾ ਹੋ ਕੇ ਬੋਲਿਆ :

"ਮੰਗਾ ਈ ਲਉ ਫਿਰ ਇਕ ਪਿਆਲੀ ਚਾਹ ਦੀ।"

"ਰਹਿਣ ਦਿਉ ਜੀ, ਰਹਿਣ ਦਿਉ ਜੀ! ਚਾਹ ਦਾ ਕੀ ਪੀਣੈਂ ?" ਮੈਂ ਉਤੋਂ ਉਤੋਂ ਕਿਹਾ :

"ਠੰਡਾ ਪੀ ਲਉ ਫਿਰ ਕੁਝ। ਲਿਆ ਉਇ ਕਰਮਿਆਂ ਠੰਡਾ ਪਾਣੀ ਦਾ ਗਿਲਾਸ!" ਉਸ ਆਪਣੇ ਇਕ ਹੋਰ ਨੌਕਰ ਨੂੰ ਉੱਚੀ ਆਵਾਜ਼ 'ਚ ਕਿਹਾ। ਉਹ ਕੋਸਾ ਜਿਹਾ ਪਾਣੀ ਦਾ ਗਿਲਾਸ ਦੇ ਗਿਆ। ਮੈਂ ਚਾਹ ਸਮਝ ਕੇ ਪੀ ਲਿਆ।

"ਉਹਨਾਂ ਬੜੀਆਂ ਕਿਤਾਬਾਂ ਦਿਤੀਆਂ ਮੈਨੂੰ। ਜਿਸ ਦੁਕਾਨ ਤੇ ਵੀ ਜਾਈਦੇ ਪੰਜ ਦਸ ਕਿਤਾਬਾਂ ਚੁਕ ਕੇ ਦੇ ਦੇਵੇ। ਬੋਰੀ ਭਰ ਗਈ ਪੁਸਤਕਾਂ ਦੀ। ਕੁਝ ਉਰਦੂ ਕਵੀਆਂ ਅਤੇ ਨਾਵਲਕਾਰਾਂ ਦੀਆਂ ਪੁਸਤਕਾਂ ਦੇ ਕਾਪੀ ਰਾਈਟ ਲੈ ਆਇਆ ਹਾਂ। ਉਹਨਾਂ ਨੂੰ ਪੰਜਾਬੀ 'ਚ ਕਰ ਦਿਆਂਗਾ। ਵਾਰੇ-ਨਿਆਰੇ ਹੋ ਜਾਣਗੇ। ਨਾ ਹਿੰਗ ਲਗੇ ਨਾ ਫਟਕੜੀ।"

ਸਾਡੇ ਕੋਲ ਪਈ ਵੱਡੀ ਮੇਜ਼ ਕਿਤਾਬਾਂ ਦੇ ਢੇਰ ਲਗੇ ਪਏ ਸਨ ਜਿਸ ਵਿਚ ਉਸਦੇ ਵੀ ਇਕ ਦੋ ਨਾਵਲ ਅਤੇ ਕਹਾਣੀ ਸੰਗ੍ਰਹਿ ਸਨ। ਮੈਂ ਦੋ ਕੁ ਪੁਸਤਕਾਂ ਚੁਕ ਕੇ ਪੁਛਿਆ :

"ਦਰਦੀ ਸਾਹਿਬ, ਇਹ ਤੁਹਾਡੀਆਂ ਨਵੀਆਂ ਛਪੀਆਂ ਪੁਸਤਕਾਂ ਹਨ ?"

ਦਰਦੀ ਸਾਹਿਬ ਨੇ ਸਮਝਿਆ ਕਿਤੇ ਕਿਤਾਬਾਂ ਖੁੱਥੇ ਗਈਆਂ! ਝੱਟ ਬੋਲੇ :

"ਇਹ ਤਾਂ ਪਟਿਆਲਿਉਂ ਇਕ ਆਰਡਰ ਆਇਆ ਪਿਐ! ਉਥੇ ਭੇਜਣੀਆਂ ਨੇ ਇਹ ਪੁਸਤਕਾਂ। ਐਡੀਸ਼ਨ ਛਪਵਾਇਆ ਸੀ! ਖਤਮ ਹੋ ਗਿਆ! ਹਾਲੇ ਵੀ ਦਸ ਕੁ ਪੁਸਤਕਾਂ ਘੱਟ ਹਨ! ਹੁਣ ਨਵਾਂ ਐਡੀਸ਼ਨ ਛਪੇਗਾ ਤਾਂ ਤੁਹਾਨੂੰ ਵੀ ਭੇਜਾਂਗਾ ਇਕ ਇਕ ਕਾਪੀ ਨਵੇਂ ਨਾਵਲਾਂ ਦੀ।" ਉਸ ਦੋਵੇਂ ਪੁਸਤਕਾਂ ਮੇਰੇ ਹੱਥੋਂ ਫੜਦਿਆਂ ਕਿਹਾ।

"ਆਪਾਂ ਬੜਾ ਲਾਭ ਉਠਾਈਦੈ ਇਹੋ ਜਿਹੇ ਚੱਕਰਾਂ 'ਚੋਂ! ਉਧਰ ਨਾਵਲ ਤੇ ਇਕ ਪੇਪਰ ਛਪਿਆ ਸੀ। ਪਰ ਆਪਣਾ ਨਾਂ ਹੈ ਨਹੀਂ ਸੀ ਕਿਤੇ। ਆਪਾਂ ਆਪਣਾ ਨਾਮ ਠੋਕ ਕੇ ਇਧਰ ਛਪਵਾ ਲਿਆ ਉਹ ਪੇਪਰ। ਆਪਾਂ ਤਾਂ ਸਮਗਲਿੰਗ ਕਰੀਦੀ ਐ ਜੀ, ਸਮਗਲਿੰਗ।"

ਉਸ ਅੱਖਾਂ ਚੌੜੀਆਂ ਚੌੜੀਆਂ ਕਰਕੇ ਕਿਹਾ।

"ਬਹੁਤ ਅੱਛੇ ਜੀ, ਬਹੁਤ ਅੱਛੇ — —" ਮੈਂ ਮਨ ਵਿਚ ਦੁਰਫਿਟੇ ਮੂੰਹ ਕਹਿੰਦੇ ਹੋਏ ਉਤੋਂ ਉਤੋਂ ਕਿਹਾ।

ਉਹਦੇ ਯਾਰ ਪ੍ਰੋਫੈਸਰ ਅਤੇ ਰੇਡੀਓ ਕਰਮਚਾਰੀ ਉਠ ਕੇ ਚਲੇ ਗਏ ਸਨ। "ਇਹਨਾਂ ਨੂੰ ਚਾਪਾਂ ਐਵੇਂ ਤਾਂ ਨਹੀਂ ਖੁਆਈ ਦੀਆਂ। ਯੂਨੀਵਰਸਿਟੀ ਵਿਚ ਆਪਣੀਆਂ ਕਿਤਾਬਾਂ ਲੱਗ ਜਾਂਦੀਆਂ ਨੇ, ਰੇਡੀਓ ਤੇ ਪਰੋਗਰਾਮ ਮਿਲ ਜਾਂਦੇ ਐ। ਵਾਹ ਵਾਹ ਹੋ ਜਾਂਦੀ ਐ ਤੇ ਨਾਲੇ ਮਾਇਆ ਦੀ ਪ੍ਰਾਪਤੀ ਵੀ ਹੁੰਦੀ ਐ।" ਉਸ ਚੁਟਕੀਆਂ ਬਜਾਉਂਦੇ ਹੋਏ ਅੱਖਾਂ ਮਟਕਾ ਮਟਕਾ ਕੇ ਕਿਹਾ।

"ਚੰਗਾ ਫਿਰ ਆਗਿਆ ਦਿਉ! ਮੈਂ ਹੋਰ ਵੀ ਇਕ ਜਗ੍ਹਾ ਜਾਣੈ।" ਮੈਂ ਲੰਬੀ ਉਬਾਸੀ ਲੈ ਕੇ ਕਿਹਾ।

"ਮੈਂ ਆਪਣਾ ਇਕ ਨਵਾਂ ਨਾਵਲ ਲਿਖਿਐ! ਹੁਣ ਤੁਸੀਂ ਆਏ ਤਾਂ ਹੋ ਹੀ। ਜ਼ਰਾ ਸੁਣ ਲਉ! ਦੋ ਚਾਰ ਚੰਗੇ ਸੁਝਾਅ ਦੇ ਜਾਉ।" ਉਸ ਅਲਮਾਰੀ ਵਿਚੋਂ ਕਾਗਜ਼ਾਂ ਦਾ ਇਕ ਥੱਬਾ ਕੱਢਦੇ ਹੋਏ ਕਿਹਾ।

"ਸੁਣਾਓ, ਜ਼ਰੂਰ ਸੁਣਾਉ।" ਮੈਂ ਬੇਦਿਲੀ ਜਿਹੀ ਨਾਲ ਕਿਹਾ।

ਉਹ ਸੁਣਾਉਂਦਾ ਗਿਆ......ਸੁਣਾਉਂਦਾ ਗਿਆ! ਦਸ ਸਫ਼ੇ, ਵੀਹ ਸਫ਼ੇ......ਤਿੰਨ ਸੌ ਸਫ਼ੇ ..ਅੱਧਾ ਘੰਟਾ... ਦੋ ਘੰਟੇ ..ਚਾਰ ਘੰਟੇ। ਮੇਰਾ ਸਿਰ ਬੁਰੀ ਤਰ੍ਹਾਂ ਘੁੰਮਣ ਲੱਗ ਪਿਆ ਸੀ। ਫੱਟਦਾ ਜਾ ਰਿਹਾ ਸੀ!

"ਚੰਗਾ ਫਿਰ ਆਗਿਆ ਦਿਉ।" ਮੈਂ ਘੜੀ ਵੱਲ ਵੇਖ ਕੇ ਕਿਹਾ!

"ਬਹਿੰਦੇ ਕੁਝ ਚਿਰ ਹੋਰ। ਲਾਹੌਰ ਦੀ ਯਾਦ ਤਾਜ਼ਾ ਹੋ ਗਈ। ਕਿੰਨੇ ਪੁਰ-ਖਲੂਸ ਸਨ ਉਹ ਲੋਕ — ਕਿੰਨੇ ਮਿੱਠੇ ਬੋਲੇ — ਕਿੰਨੇ ਪਿਆਰੇ!" ਉਹ ਖਚਰਾ ਜਿਹਾ ਹਾਸਾ ਹੱਸਦਾ ਕਹਿ ਰਿਹਾ ਸੀ!

"—ਉਹਨਾਂ ਦੇ ਹੀ ਸੋਹਲੇ ਗਾਈ ਜਾਉਗੇ ਕਿ ਆਪ ਵੀ ਕੁਝ ਸਿਖੋਗੇ" ਮੈਂ ਮਨ ਹੀ ਮਨ ਕਚੀਚੀ ਵੱਟ ਕੇ ਕਿਹਾ!

ਹੋਰ ਦਿੱਲੀ ਦੇ ਮਿੱਤਰਾਂ ਨੂੰ ਮਿਲਣ ਦੀ ਸਤਿਆ ਹੁਣ ਮੇਰੇ ਵਿਚ ਨਹੀਂ ਰਹੀ ਸੀ! ਮੈਂ ਸਕੂਟਰ 'ਚ ਬੈਠਾ ਆਪਣੇ ਠਿਕਾਣੇ ਤੇ ਵਾਪਿਸ ਆ ਰਿਹਾ ਸਾਂ। ਮੇਰਾ ਸਿਰ ਤੇ ਸਕੂਟਰ ਦਾ ਮੀਟਰ ਤੇਜ਼ੀ ਨਾਲ ਘੁੰਮ ਰਹੇ ਸਨ!



Namdhari Elibrary NamdhariElibrary@gmail.com

# ਆਧੁਨਿਕ ਨਾਰੀ ਦਾ ਸੰਗੀਤ ਨੂੰ ਯੋਗਦਾਨ

ਪ੍ਰੋ: ਜੋਗਿੰਦਰ 'ਬਾਵਰਾ'
ਗੌ: ਕਾਲਜ ਆਫ਼ ਐਜੂਕੇਸ਼ਨ
ਜਲੰਧਰ।

ਮਾਰਚ 1970 ਦੇ ਵਰਿਆਮ ਵਿਚ ਮੈਂ "ਮਧ ਕਾਲੀਨ ਨਾਰੀਆਂ ਦਾ ਸੰਗੀਤ ਨੂੰ ਯੋਗਦਾਨ" ਦੇ ਅੰਤਰਗਤ ਲੇਖ ਲਿਖ ਹੀ ਚੁਕਾ ਹਾਂ। ਇਸ ਲੇਖ ਵਿਚ ਮੈਂ ਆਧੁਨਿਕ ਨਾਰੀਆਂ ਦੀ ਸੰਗੀਤ ਖੇਤਰ ਵਿਚ ਦੇਣ ਤੇ ਕੁਝ ਰੌਸ਼ਨੀ ਪਾਉਣ ਦਾ ਯਤਨ ਕਰਾਂਗਾ। ਸੰਗੀਤ ਆਪਣੇ ਆਪ ਵਿਚ ਇਕ ਪੂਰਨ ਕਲਾ ਹੈ। ਬੁਧੀ ਜੀਵੀਆਂ ਨੇ ਕੇਵਲ ਪੰਜ ਲਲਿਤ ਕਲਾਵਾਂ ਮੰਨੀਆਂ ਹਨ, ਜਿਨ੍ਹਾਂ ਵਿਚੋਂ ਸੰਗੀਤ ਸਭ ਤੋਂ ਉਤਮ ਸਵੀਕਾਰ ਕੀਤਾ ਗਿਆ ਹੈ। ਸੰਗੀਤ ਦੀਆਂ ਤਿੰਨ ਸ਼ਾਖਾਵਾਂ ਹਨ। ਗਾਇਨ-ਵਾਦਨ ਅਤੇ ਨਿਰਤ।

ਜੇ ਅਸੀਂ ਸੰਗੀਤ ਦੀ ਉਤਪਤੀ ਨੂੰ ਧਾਰਮਿਕ ਪੱਖ ਤੋਂ ਵੇਖੀਏ ਤਾਂ ਉਮਾ (ਪਾਰਬਤੀ) ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਜੇ ਅਸੀਂ ਵਿਦਿਆ ਦੇ ਦੇਵੀ ਦੇਵਤੇ ਵਲ ਵੇਖੀਏ ਤਾਂ ਇਕ ਹੱਥ ਵਿਚ ਵੀਨਾ ਤੇ ਦੂਜੇ ਹੱਥ ਪੁਸਤਕ ਫੜੀ ਸਰਸਵਤੀ ਮਾਂ ਸਾਹਮਣੇ ਆਉਂਦੀ ਹੈ। ਇਸੇ ਵਾਸਤੇ, ਉਸ ਨੂੰ ਵੀਣਾ ਪੁਸਤਕ ਧਾਰਨੀ ਕਿਹਾ ਜਾਂਦਾ ਹੈ। ਵਿਦਿਆ ਦੀ ਦੇਵੀ 'ਸਰਸਵਤੀ' ਸਵੀਕਾਰ ਕੀਤੀ ਜਾਂਦੀ ਹੈ। ਇਹ ਸਾਰੇ ਨਾਰੀ ਰੂਪ ਹੀ ਹਨ। ਮਨੁਖ ਦੀ ਜਨਮ ਦਾਤੀ ਵੀ ਨਾਰੀ ਹੀ ਹੈ। ਮਨੁਖ ਵਿਚ ਜੋ ਸੁਰਤੀ ਹੈ ਉਹ ਵੀ ਸ਼ਕਤੀ ਦੇਵੀ ਦਾ ਪ੍ਰਤਾਪ ਮੰਨਿਆ ਗਿਆ ਹੈ। ਭਾਵ ਇਹ ਹੈ ਕਿ ਸੰਗੀਤ ਦਾ ਜਨਮ ਹੀ ਨਾਰੀ ਤੋਂ ਹੋਇਆ। ਸੰਗੀਤ ਵਿਚ ਨਾਰੀ ਦਾ ਉਚਾ ਸਥਾਨ ਆਪਣੇ ਆਪ ਹੀ ਬਣ ਜਾਂਦਾ ਹੈ।

ਪ੍ਰਾਚੀਨ ਕਾਲ ਤੋਂ ਹੀ ਸੰਗੀਤ ਵਿਚ ਨਾਰੀ ਦੀ ਬੜੀ ਰੁਚੀ ਰਹੀ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਪੁਰਸ਼ ਸਰੀਰਕ ਤੌਰ ਤੇ ਜ਼ਿਆਦਾ ਬਲਵਾਨ ਹੁੰਦਾ ਹੈ ਅਤੇ ਉਹ ਆਪਣੇ ਕੰਮ ਵਲ ਜ਼ਿਆਦਾ ਧਿਆਨ ਇਸ ਕਰਕੇ ਦੇ ਸਕਦਾ ਹੈ ਕਿਉਂਕਿ ਉਸ ਨੂੰ ਨਾਰੀ ਦੀ ਤਰ੍ਹਾਂ ਬਚੇ ਉਤਪੰਨ ਕਰਨਾ ਉਹਨਾਂ ਦੀ ਦੇਖਭਾਲ ਕਰਨਾ, ਘਰ ਦੇ ਕੰਮਕਾਰ, ਪਤੀ ਦੀ ਵੀ ਸੇਵਾ: ਰਿਸ਼ਤੇਦਾਰੀ ਵੀ ਨਿਭਾਉਣੀ ਆਦਿ ਕਈ ਡਿਊਟੀਆਂ ਕਰਨੀਆਂ ਨਹੀਂ ਪੈਂਦੀਆਂ ਹਨ। ਸੰਗੀਤ ਇਕ ਤਪਸਿਆ ਹੈ ਇਹ ਵਧ ਤੋਂ ਵਧ ਰਿਆਜ਼ ਦੀ ਮੰਗ ਕਰਦਾ ਹੈ। ਇਹਨਾਂ ਕੁਝ ਹੁੰਦਿਆ ਹੋਇਆ ਵੀ ਕਈ ਵਿਭੂਤੀਆਂ ਅਜੇਹੀਆਂ ਭਾਰਤ ਵਿਚ ਹੋਈਆਂ ਹਨ ਜਿਨ੍ਹਾਂ ਦਾ ਸੰਗੀਤ ਖੇਤਰ ਵਿਚ ਇਕ ਮਹੱਤਵ ਪੂਰਨ ਸਥਾਨ ਬਣ ਚੁਕਿਆ ਹੈ। ਸ਼ਾਸਤਰੀਯ ਗਾਇਨ ਵਾਦਨ ਜਾਂ ਲਾਈਟ ਸੰਗੀਤ ਜਾਂ ਨਿਰਤ ਹਰ ਪਾਸੇ ਨਾਰੀ ਨੇ ਵੀ ਕਮਾਲ ਹਾਸਲ ਕਰਕੇ ਆਪਣਾ ਨਾਮ ਉਚਾ ਕੀਤਾ ਹੈ।

ਅਜ ਕਲ ਦੀਆਂ ਨਾਰੀ ਕਲਾਕਾਰਾਂ ਬਾਰੇ ਵੀ ਲਿਖਣਾ ਮੈਂ ਜ਼ਰੂਰੀ ਸਮਝਦਾ ਹਾਂ।

ਕਲਾਸੀਕਲ ਗਾਇਕਾਵਾਂ—ਪ੍ਰਵੀਨ ਸੁਲਤਾਨਾਂ (ਪਦਮ ਸ੍ਰੀ) ਲਕਸ਼ਮੀ ਸ਼ੰਕਰ, ਨਿਰਮਲਾ ਅਰੁਣ, ਗੰਗੂ ਬਾਈ ਹੰਗਲ,



Namdhari Elibrary NamdhariElibrary@gmail.com

ਕਿਸ਼ੋਰੀ ਅਮੋਨਕਰ, ਸੁਨੰਦਾ ਪਟਨਾਇਕ, ਦੀਪਾਲੀ ਨਾਗ, ਪ੍ਰਭਾ ਅਤਰੇ, ਸਿਧੇਸ਼ਵਰੀ ਦੇਵੀ. ਰਸੂਲਾ ਬਾਈ, ਗਿਰਜਾ ਦੇਵੀ, ਸਲੋਚਨਾ ਯਜੁਰਵੇਦੀ, ਮਾਲਵਿਕਾ ਕਾਨਨ ਆਰ. ਐਨ ਰਾਏ ਚੌਧਰੀ. ਮੀਰਾਂ ਚੈਟਰਜੀ. ਮੀਰਾਂ ਖਿੜਵਾਡਕਰ, ਹੀਰਾ ਬਾਈ ਬੜੋਦਕਰ. ਸੁਮਤੀ ਮੁਦਾਦਕਰ. ਸੰਧਯਾ ਮੁਕਰਜੀ. ਰੋਸ਼ਨ ਆਰਾ ਬੇਗਮ. ਆਦਿ ਹੋਰ ਬਹੁਤ ਸਾਰੀਆਂ ਗਾਇਕ ਕਲਾਕਾਰਾਂ ਹਨ।

ਸ਼ਾਸਤਰੀ ਸੰਗੀਤ ਤੋਂ ਇਲਾਵਾ ਫਿਲਮ ਖੇਤਰ ਵਿਚ ਵੀ ਸੰਗੀਤ ਜੀਵੀ ਨਾਰੀਆਂ ਦਾ ਇਕ ਆਪਣਾ ਸਥਾਨ ਹੈ।

ਲਤਾ ਮੰਗੇਸ਼ਕਰ, ਆਸ਼ਾ ਭੋਂਸਲੇ, ਨੂਰ ਜਹਾਂ, ਊਸ਼ਾ ਮੰਗੇਸ਼ਕਰ, ਕ੍ਰਿਸ਼ਨਾ ਕਲੇ, ਰੂਨਾ ਲੈਲਾ, ਦਿਲਰਾਜ ਕੌਰ, ਜਗਜੀਤ ਕੌਰ, ਸੁਧਾ ਮਲਹੋਤਰਾ, ਚਿਤਰਾ, ਫਿਲਮਾਂ ਤੋਂ ਇਲਾਵਾ ਕੁਝ ਰੇਡੀਓ ਕਲਾਕਾਰ ਵੀ ਹਨ ਜੋ ਭਾਰਤ ਪ੍ਰਸਿਧ ਹਨ। ਸੁਰਿੰਦਰ ਕੌਰ; ਪ੍ਰਕਾਸ਼ ਕੌਰ; ਕਮਲ ਹੰਸਪਾਲ; ਅਜੀਤ ਕੌਰ; ਨੀਲਮ ਸਾਹਨੀ; ਬੇਗਮ ਅਖਤਰ ਆਦਿ।

ਸੰਗੀਤ ਨਿਰਦੇਸ਼ਕ ਦੇ ਰੂਪ ਵਿਚ ਸਾਡੇ ਪਾਸ ਕੇਵਲ ਇਕ ਹੀ ਨਾਮ ਆਉਂਦਾ ਹੈ ਉਹ ਹੈ ਊਸ਼ਾ ਖੰਨਾ। ਜਿਥੇ ਸਾਡੇ ਭਾਰਤ ਨੇ ਗਾਇਕ ਨਾਰੀਆਂ ਨੂੰ ਜਨਮ ਦਿਤਾ ਹੈ ਉਥੇ ਵਾਦਕ ਕਲਾਕਾਰ ਵੀ ਘਟ ਨਹੀਂ ਹਨ। ਬੇਸ਼ਕ ਹਰੇਕ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਸਿਤਾਰ ਦੀ ਜਾਂ ਗਾਇਨ ਦੀ ਐਮ. ਏ. ਦੀ ਡਿਗਰੀ ਪਰਾਪਤ ਕਰਨ ਵਾਲੀਆਂ ਬੀਬੀਆਂ ਉਪਸਥਿਤ ਰਹਿੰਦੀਆਂ ਹਨ ਪਰ ਕਲਾਕਾਰ ਨਾਰੀਆਂ ਦੀ ਗਿਣਤੀ ਉਂਗਲਾਂ ਤੇ ਹੀ ਗਿਣੀ ਜਾਣ ਵਾਲੀ ਹੁੰਦੀ ਹੈ। ਕਿਉਂਕਿ ਐਮ. ਏ. ਦੀ ਡਿਗਰੀ ਕੋਈ ਸੰਗੀਤਕਾਰ ਨਹੀਂ ਬਣਾ ਦਿੰਦੀ ਇਹ ਤਾਂ ਇਕ ਮਾਮੂਲੀ ਜਿਹੀ ਸੰਗੀਤ ਦੀ ਉਪਾਧੀ ਹੈ ਜੋ ਸਾਨੂੰ ਸੰਗੀਤ ਸਿਖਣ ਦੇ ਯੋਗ ਬਣਾਉਂਦੀ ਹੈ। ਜੋ ਲੋਕ ਐਮ. ਏ. ਨੂੰ ਸਭ ਕੁਝ ਸਮਝ ਕੇ ਬੈਠ ਜਾਂਦੇ ਹਨ ਉਹ ਅਗੇ ਕਈ ਵੀ ਨਹੀਂ ਵ ਸਕਦੇ। ਖੈਰ ਕੁਝ ਨਾਰੀਆਂ ਨੇ ਵਾਦਨ ਵਿਚ ਵੀ ਕਮਾਲ ਪਰਾਪਤ ਕੀਤਾ ਹੈ। ਸ੍ਰੀਮਤੀ ਸ਼ਰਨ ਰਾਣੀ ਅਤੇ ਜ਼ਰੀਨ ਦਾਰੂਵਾਲਾ (ਸਰੋਦ), ਸਰਵਜੀਤ ਕੌਰ; ਜਯਾ ਬੋਸ ਅਤੇ ਕਲੀਆਣੀ ਰਾਇ (ਸਿਤਾਰ) ਐਮ ਰਾਜਨ ਅਤੇ ਸ਼੍ਰੀ ਕੰਨਾਧਰ ਚੌਧਰੀ (ਵਾਇਲਿਨ)।

ਸੰਗੀਤ ਦੀ ਤੀਜੀ ਸ਼ਰੇਣੀ ਨਿਰਤ ਹੈ। ਨਿਰਤ ਕਈ ਪਰਕਾਰ ਦਾ ਹੁੰਦਾ ਹੈ। ਕਥਕ; ਕਥਕਲੀ; ਮਨੀਪੁਰੀ, ਕੁਚੀਪੁੜੀ; ਭਾਰਤ ਨਾਟੀਅਮ; ਤਾਂਡਵ ਆਦਿ। ਨਿਰਤ ਦੀ ਉਤਪਤੀ ਸ਼ਿਵ ਤੋਂ ਮੰਨੀ ਜਾਂਦੀ ਹੈ। ਇਕ ਵਾਰ ਸ਼ਿਵ ਜੀ ਨੂੰ ਕਰੋਧ ਆਇਆ ਤਾਂ ਉਹ ਤਾਂਡਵ ਨਿਰਤ ਕਰਨ ਲਗੇ ਜਿਸ ਨਾਲ ਧਰਤੀ ਡਗਮਗਾਉਣ ਲਗ ਪਈ। ਹਾਹਾਕਾਰ ਮਚ ਗਈ ਉਹਨਾਂ ਨੂੰ ਸ਼ਾਂਤ ਕਰਨ ਲਈ ਮਾਂ ਪਾਰਬਤੀ ਨੇ ਲਾਸਯ ਨਿਰਤ ਕੀਤਾ ਅਤੇ ਆਪਣੇ ਪਤੀ ਮਹਾਂਦੇਵ ਦੇ ਕ੍ਰੋਧ ਨੂੰ ਸ਼ਾਂਤ ਕੀਤਾ। ਇਸ ਲਈ ਲਾਸਯ ਨਿਰਤ ਦੀ ਜਨਮ ਦਾਤੀ ਵੀ ਪਾਰਬਤੀ ਜੀ ਹੀ ਮੰਨੀ ਗਈ। ਇਸ ਵਿਚ ਸਰੀਰਕ ਗੁਸੇ ਤੇ ਲਚਕ ਦੀ ਲੋੜ ਹੈ ਜੋ ਨਾਰੀ ਸਰੀਰ ਹੀ ਠੀਕ ਢੰਗ ਨਾਲ ਪਰਸਤੁਤ ਕਰ ਸਕਦਾ ਹੈ।

ਫਿਲਮਾਂ ਵਿਚ ਸਾਨੂੰ ਕਈ ਵਾਰ ਚੰਗੇ ਚੰਗੇ ਡਾਂਸ ਦੇਖਣ ਨੂੰ ਮਿਲਦੇ ਹਨ। ਵਿਜੇਯੰਤੀ ਮਾਲਾ; ਪਦਮਨੀ; ਰਾਗਨੀ; ਰੋਸ਼ਨ ਆਰਾ, ਸਿਤਾਰਾ ਦੇਵੀ; ਇੰਦਰਾਨੀ ਰਹਿਮਾਨ ਆਦਿ ਭਾਰਤ ਦੀਆਂ ਪ੍ਰਸਿਧ ਨਰਤਕੀਆਂ ਹਨ। ਵੈਸੇ ਤਾਂ ਫਿਲਮ ਵਿਚ ਹਰੇਕ ਨਾਰੀ ਨੂੰ ਡਾਂਸ ਕਰਨਾ ਹੀ ਪੈਂਦਾ ਹੈ। ਕਈ ਵਾਰ ਕੈਮਰਾਮੈਨ ਪੈਰ ਕਿਸੇ ਹੋਰ ਦੇ ਦਿਖਾ ਦਿੰਦਾ ਹੈ ਤੇ ਹਥਾਂ ਦੇ ਤੇ ਚਿਹਰੇ ਦੇ ਭਾਵ ਅਸਲੀ ਹੀਰੋਇਨ ਦੇ ਦਿਖਾ ਕੇ ਦਰਸ਼ਕਾਂ ਸਾਹਮਣੇ ਇਕ ਉਚ ਕੋਟੀ ਦੀ ਕਲਾਕਾਰ ਪੇਸ਼ ਕਰ ਦਿੰਦਾ ਹੈ ਪਰ ਇਹ ਟਰਿਕ ਸਟੇਜ ਤੇ ਨਹੀਂ ਚਲ ਸਕਦਾ। ਸਟੇਜ ਤੇ ਅਸਲੀ ਨਰਿਤਕਾਰ ਹੀ ਸਫਲ ਹੋ ਸਕਦੀ ਹੈ। ਫਿਲਮਾਂ ਵਿਚ ਤਾਂ ਨੰਦਾ; ਮੀਨਾ ਕੁਮਾਰੀ ਆਦਿ ਨੂੰ ਵੀ ਡਾਂਸਰ ਦੇ ਰੂਪ ਵਿਚ ਪੇਸ਼ ਕਰ ਦਿਤਾ ਜਾਂਦਾ ਹੈ। ਕੁਝ ਨਾਰੀਆਂ ਅਜਿਹੀਆਂ ਵੀ ਹਨ ਜੋ ਨਰਿਤ ਦਾ ਘਿਰਨਤ ਰੂਪ ਹੀ ਪੇਸ਼ ਕਰ ਕੇ ਨਾਮ ਤੇ ਦਾਮ ਕਮਾਉਣ ਵਿਚ ਸਫਲ ਹੁੰਦੀਆਂ ਹਨ। ਕੈਬਰੇ ਡਾਂਸਰਾਂ ਦਾ ਇਹ ਹੀ ਕੰਮ ਹੈ। ਮਧੂਮਤੀ ਤੇ ਹੈਲਨ ਦੇ ਸਰੀਰ ਵਿਚ ਲਚਕ ਕਹਿਰਾਂ ਦੀ ਹੈ ਪਰ ਉਹਨਾਂ ਦੇ ਫਿਲਮੀ ਡਾਂਸ ਕੋਈ ਨਰਿਤ ਨਹੀਂ ਹਨ। ਇਕ ਪਰਦਰਸ਼ਨੀ ਹੈ ਕੇਵਲ ਘਟਿਆ ਬਿਰਤੀ ਦੇ ਲੋਕਾਂ ਦਾ



Namdhari Elibrary NamdhariElibrary@gmail.com

ਮਨੋਰੰਜਨ ਹੈ ਜੋ ਆਪਣੀ ਵਾਸਨਾ ਦੀ ਤਰਿਪਤੀ ਅੱਖਾਂ ਰਾਹੀਂ ਕਰਦੇ ਹਨ।

ਸੰਗੀਤ ਤੇ ਸਾਹਿਤ ਦਾ ਅਟੁਟ ਸਬੰਧ ਹੈ। ਸਾਹਿਤ ਦਾ ਸਬੰਧ ਬਹੁਤਾ ਕਰਕੇ ਗਾਇਕਾਂ ਨਾਲ ਹੀ ਰਹਿੰਦਾ ਹੈ। ਅੰਮ੍ਰਿਤਾ, ਪ੍ਰਭਜੋਤ ਕੌਰ ਤੇ ਨਿਰੰਜਨ ਅਵਤਾਰ ਵਰਗੀਆਂ ਕਵਿਤ੍ਰੀਆਂ ਦਾ ਜ਼ਿਕਰ ਕਰਨ ਤੋਂ ਬਿਨਾਂ ਮੈਂ ਇਸ ਲੇਖ ਨੂੰ ਅਧੂਰਾ ਸਮਝਦਾ ਹਾਂ।

ਪ੍ਰਵੀਨ ਸੁਲਤਾਨਾ —ਨੌਜਵਾਨ ਸੁੰਦਰ ਅਤੇ ਸੁਰੀਲੀ ਆਵਾਜ਼ ਦੀ ਮਾਲਕ ਹੈ। ਕਲਾਸੀਕਲ ਬੜਾ ਤਿਆਰ ਗਾਉਂਦੀ ਹੈ ਪਦਮ ਸ੍ਰੀ ਦੀ ਉਪਾਧੀ ਪ੍ਰਾਪਤ ਕਰ ਚੁਕੀ ਹੈ।

ਲਕਸ਼ਮੀ ਸ਼ੰਕਰ—ਸ਼ੰਕਰ ਪ੍ਰੀਵਾਰ ਨਾਲ ਸਬੰਧਤ ਸੁਰੀਲੀ ਤੇ ਧੀਰਜਵਾਨ ਗਾਇਕਾ ਹੈ। ਆਵਾਜ਼ ਵਿਚ ਦਰਦ ਹੈ ਬੜੇ ਠਰ੍ਹਮੇ ਨਾਲ ਬਰਤ ਕਰਦੀ ਹੈ। ਖਿਆਲ, ਠੁਮਰੀ, ਗ਼ਜ਼ਲ, ਭਜਨ ਗਾਉਣ ਵਿਚ ਮਾਹਿਰ ਹੈ। ਕਈ ਰਿਕਾਰਡ ਭਰੇ ਜਾ ਚੁਕੇ ਹਨ। ਬਾਹਰਲੇ ਦੇਸ਼ਾਂ ਦਾ ਦੌਰਾ ਵੀ ਕਰ ਚੁਕੀ ਹੈ।

ਗੰਗੂ ਬਾਈ ਹੰਗਲ—ਸ਼ਰੀਰਕ ਤੌਰ ਤੇ ਕਮਜ਼ੋਰ, ਪਰ ਆਵਾਜ਼ ਮਰਦਾਨਾ। ਕਿਰਾਨਾ ਘਰਾਣਾ ਦੀ ਸਫਲ ਗਾਇਕਾ ਵਿਸ਼ੇਸ਼ ਤੌਰ ਤੇ ਖਿਆਲ ਹੀ ਗਾਉਂਦੀ ਹੈ।

ਸੁਨੰਦਾ ਪਟਨ ਇਕ—ਪੰ: ਵਿਨਾਇਕ ਰਾਵ ਜੀ ਦੀ ਸਿਸ਼ਆ ਹੈ। ਨੌਜਵਾਨ ਉਭਰਦੀ ਹੋਈ ਕਲਾਕਾਰ ਮਹਿਫਲ ਜਮਾ ਦਿੰਦੀ ਹੈ। ਖਿਆਲ ਅਤੇ ਤਰਾਨਾ ਗਾਨ ਵਿਚ ਮਹਾਰਤ ਰਖਦੀ ਹੈ। ਦੇਖਣ ਵਿਚ ਸਾਤਵਿਕ ਸੁਭਾ ਵੀ ਪ੍ਰਤੀਤ ਹੁੰਦੀ।

ਲਤਾ ਮੰਗੇਸ਼ਕਰ—ਸ਼ਾਇਦ ਹੀ ਕੋਈ ਅਭਾਗਾ ਵਿਅਕਤੀ ਹੋਵੇਗਾ ਜੋ ਲਤਾ ਦੇ ਨਾਮ ਤੋਂ ਜਾਣੂ ਨਹੀਂ ਹੋਵੇਗਾ। ਸਾਰਾ ਦਿਨ ਇਸ ਦੇ ਫਰਮਾਇਸ਼ੀ ਰਿਕਾਰਡ ਵਜਦੇ ਰਹਿੰਦੇ ਹਨ। ਕਈ ਪੁਰਸਕਾਰ ਪ੍ਰਾਪਤ ਕਰ ਚੁਕੀ ਹੈ। ਭਾਰਤ ਦੀ ਸਭ ਤੋਂ ਸੁਰੀਲੀ ਗਾਇਕਾ ਮੰਨੀ ਜਾਂਦੀ ਹੈ। ਲਤਾ ਭਾਰਤ ਦੀ ਹੀ ਨਹੀਂ ਸੰਸਾਰ ਦੀ ਕੋਇਲ ਹੈ। ਪਰਮਾਤਮਾ ਨੇ ਗਲੇ ਵਿਚ ਨੂਰ ਬਖਸ਼ਿਆ ਹੈ। ਪੱਚੀ ਹਜ਼ਾਰ ਤੋਂ ਵਧ ਫਿਲਮੀ ਗੀਤ ਗਾ ਚੁਕੀ ਹੈ ਜੋ ਕਿ ਇਕ ਰਿਕਾਰਡ ਹੈ।

ਰੂਨਾ ਲੈਲਾ—ਬੰਗਲਾ ਦੇਸ਼ ਦੀ ਪ੍ਰਸਿਧ ਗਾਇਕਾ ਹੈ। ਭਾਰਤ ਵਿਚ ਕਈ ਜਗ੍ਹਾ ਤੇ ਪ੍ਰੋਗਰਾਮ ਦੇ ਚੁਕੀ ਹੈ। ਟੈਲੀਵੀਯਨ ਤੇ ਵੀ ਕਈ ਵਾਰੀ ਦੇਖੀ ਗਈ ਹੈ। ਬੜਾ ਸੁੰਦਰ ਗਾਉਂਦੀ।

ਦਿਲਰਾਜ ਕੌਰ—ਥੋੜੀ ਦੇਰ ਤੋਂ ਹੀ ਸਾਮ੍ਹਣੇ ਆਈ ਹੈ। ਕਈ ਫਿਲਮੀ ਗੀਤ ਗਾ ਚੁਕੀ ਹੈ। ਲਖਨਊ ਦੇ ਰਹਿਣ ਵਾਲੀ ਹੈ।

ਆਸ਼ਾ ਭੌਂਸਲੇ—ਆਸ਼ਾ ਜੀ ਦਾ ਰਿਸ਼ਤਾ ਲਤਾ ਨਾਲ ਭੈਣ ਦਾ ਹੈ। ਇਸ ਦੇ ਗਾਉਣ ਦਾ ਆਪਣਾ ਢੰਗ ਹੈ। ਕੈਬਰੇ ਡਾਂਸ ਦੇ ਗੀਤ ਗਾਨਾ ਆਸ਼ਾ ਦਾ ਕਮਾਲ ਹੈ। ਹਜ਼ਾਰਾਂ ਗੀਤ ਗਾ ਚੁਕੀ ਹੈ।

ਸ਼ਰਣ ਰਾਣੀ—ਭਾਰਤ ਦੀ ਪ੍ਰਸਿਧ ਸਰੋਦ ਵਾਦਿਕਾ ਹੈ। ਉਸਤਾਦ ਅਲਾਉਦੀਨ ਖਾਂ ਅਤੇ ਉ: ਅਲੀਅਕਬਰ ਪਾਸੋਂ ਸਿਖੀ ਹੈ। ਸਰੋਦ ਵਾਦਨ ਵਿਚ ਮਾਹਰ ਹੈ ਅਤੇ ਪਦਮ ਸ੍ਰੀ ਦੀ ਉਪਾਧੀ ਪ੍ਰਾਪਤ ਕਰ ਚੁਕੀ ਹੈ।

ਲੰਬਾਈ ਵਧ ਜਾਣ ਦੇ ਡਰ ਤੋਂ ਮੈਂ ਸਾਰੀਆਂ ਬਾਰੇ ਨਹੀਂ ਲਿਖ ਸਕਦਾ ਅਤੇ ਨਾ ਹੀ ਵਿਸਥਾਰ ਨਾਲ। ਸੰਗੀਤ ਜਗਤ ਵਿਚ ਨਾਰੀ ਦਾ ਯੋਗ ਦਾਨ ਬੜਾ ਸ਼ਲਾਘਾ ਯੋਗ ਹੈ ਜਿਸ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ।



Namdhari Elibrary NamdhariElibrary@gmail.com

ਰੰਗ ਮੰਚ ਤੋਂ :

# ਕਾਦਰ-ਯਾਰ

—ਕੁਲਦੀਪ ਸਿੰਘ ਬੇਦੀ

ਡਾ: ਸੁਰਜੀਤ ਸਿੰਘ ਸੇਠੀ ਰਚਿਤ 'ਕਾਦਰ-ਯਾਰ' ਲੋਕ ਰੰਗ ਮੰਚ ਵਲੋਂ 14 ਸਤੰਬਰ ਨੂੰ ਅੰਮ੍ਰਿਤਸਰ ਦੀ ਗਾਂਧੀ ਗਰਾਊਂਡ ਦੇ ਓਪਨ ਏਅਰ ਥੇਟਰ ਵਿਚ ਖੇਡਿਆ ਗਿਆ। ਕਾਦਰ ਯਾਰ ਪੂਰਨ ਭਗਤ ਦੇ ਕਿਸੇ ਨਾਲ ਪੰਜਾਬ ਦਾ ਅਮਰ ਪਾਤਰ ਬਣ ਗਿਆ ਹੈ।

ਇਸ ਨਾਟਕ ਦੇ ਮੁਖ ਪਾਤਰ 'ਕਾਦਰ-ਯਾਰ' ਤੇ 'ਰਜ਼ੀਆ' ਪਹਿਲਾਂ ਮੁਹੱਬਤ ਕਰਦੇ ਨੇ ਤੇ ਬਾਅਦ ਵਿਚ ਉਸੇ ਰਜ਼ੀਆ ਦਾ ਵਿਆਹ ਕਾਦਰ ਯਾਰ ਦੇ ਵਡੇ ਭਰਾ 'ਬਹਾਦਰ ਯਾਰ' ਨਾਲ ਹੋ ਜਾਂਦਾ ਹੈ। ਇਸ ਤਰ੍ਹਾਂ ਕਾਦਰ ਯਾਰ ਅਗੇ ਰਜ਼ੀਆ ਸੁਹਾਗ ਰਾਤ ਵਾਲੇ ਸਮੇਂ ਆਪਣੀ ਮੁਹੱਬਤ ਦੇ ਵਾਸਤੇ ਪਾਉਂਦੀ ਹੈ ਤੇ ਕਾਦਰ ਨੂੰ ਘਰੋਂ ਨਸਣ ਲਈ ਮਜਬੂਰ ਕਰਦੀ ਹੈ ਪਰ ਕਾਦਰ ਆਪਣੀ ਇਸ ਲੁਟ ਚੁਕੀ ਮੁਹੱਬਤ ਅਗੇ ਹਥਿਆਰ ਸੁਟੀ ਬੈਠਾ ਹੈ ਤੇ ਉਹ ਰਜ਼ੀਆ ਨਾਲ ਸਹਿਮਤ ਨਹੀਂ ਹੁੰਦਾ। ਕਾਦਰ ਦਾ ਰੋਲ ਸਰਦਾਰਜੀਤ ਬਾਵੇ ਨੇ ਸੰਜੀਦਗੀ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ। ਤੇ ਕਿਸੇ ਹਦ ਤਕ ਉਹ ਆਪਣੇ ਇਸ ਕਿਰਦਾਰ ਵਿਚ ਸਫਲ ਵੀ ਰਿਹਾ ਹੈ।

ਰਜ਼ੀਆ ਦਾ ਕਿਰਦਾਰ ਕਾਫੀ ਔਖਾ ਹੋਣ ਦੇ ਬਾਵਜੂਦ ਵੀ ਜ਼ੀਨਤ ਭੁਟੀ ਨੇ ਕਾਫੀ ਕਾਮਯਾਬੀ ਨਾਲ ਨਿਭਾਇਆ ਹੈ। ਕਿਤੇ ਉਹ ਅੱਗ ਦੀ ਲੱਟ ਲੱਟ ਬਲਦੀ ਲਾਟ ਹੁੰਦੀ ਹੈ ਤੇ ਕਿਤੇ ਧੁਖਦੀ ਲਕੜ ਦੀ ਗੇਲੀ। ਕਾਦਰ ਨੂੰ ਸੁਹਾਗ ਰਾਤ ਨੂੰ ਭਜ ਚਲਣ ਲਈ ਉਸ ਦੇ ਤਰਲੇ ਮਜਬੂਰ ਨਹੀਂ ਕਰ ਸਕਦੇ। ਅੰਨ ਮੌਕੇ ਤੇ ਬਹਾਦਰ ਯਾਰ ਦਾ ਆਉਣਾ ਤੇ ਰਜ਼ੀਆ ਦਾ ਇਕ ਦਮ ਰੂਪ ਤੇ ਨਜ਼ਰਾਂ ਬਦਲ ਲੈਣਾ ਇਕ ਵਧੀਆ ਅਦਾਕਾਰੀ ਸੀ। ਪਾਗਲ ਦੇ ਰੋਲ ਵਿਚ ਰਜ਼ੀਆ ਦਾ ਕਿਰਦਾਰ ਅਦਾਕਾਰੀ ਦੀ ਸਿਖਰ ਹੈ। ਕਿਤੇ ਕਿਤੇ ਉਸ ਦੇ ਡਾਇਲਾਗਾਂ ਵਿਚ ਤੇਜ਼ੀ ਆਉਣ ਕਰ ਕੇ ਗੱਲ ਸਮਝ ਵਿਚ ਨਹੀਂ ਪੈਂਦੀ ਫਿਰ ਵੀ ਜ਼ੀਨਤ ਭੁਟੀ ਆਪਣੇ ਇਸ ਕਿਰਦਾਰ ਵਿਚ ਸਫਲ ਰਹੀ ਹੈ।

ਸੰਤੂ ਚਾਚੇ ਦਾ ਰੋਲ ਹਰਭਜਨ ਜੱਬਲ ਕਰ ਰਿਹਾ ਸੀ। ਜਬਲ ਇਸ ਡਰਾਮੇ ਦਾ ਨਿਰਦੇਸ਼ਕ ਵੀ ਹੈ। ਭਾਵੇਂ ਉਹ ਮੁਹੱਬਤ ਵਿਚ ਧੋਖਾ ਖਾ ਕੇ ਪਾਗਲ ਹੋ ਚੁਕਾ ਹੈ ਪਰ ਫਿਰ ਵੀ ਸੰਜੀਦਾ ਹੈ। ਪਹਿਲੇ ਐਕਟ ਵਿਚ ਉਸ ਦਾ ਕਿਰਦਾਰ ਚੰਗੀ ਤਰ੍ਹਾਂ ਉਘੜ ਕੇ ਦਰਸ਼ਕਾਂ ਸਾਹਮਣੇ ਆਉਂਦਾ ਹੈ। ਪਰ ਬਾਅਦ ਵਿਚ ਉਸ ਦੀ ਕਲਾ ਉਖੜ ਜਾਂਦੀ ਹੈ (ਪਤਨੀ ਦੇ ਅਚਾਨਕ ਬੀਮਾਰ ਹੋ ਜਾਣ ਦੀ ਖਬਰ ਸੁਣਕੇ)।

ਬਹਾਦਰ ਯਾਰ (ਇੰਦਰਜੀਤ ਸਹਾਰਨ) ਦੇ ਇਕੋ ਇਕ ਪਰਵੇਸ਼ ਨਾਲ ਡਰਾਮੇ ਦੀ ਗਤੀ ਤੇਜ਼ ਹੁੰਦੀ ਹੈ। ਉਸ ਦਾ ਪਹਿਰਾਵਾ ਤੇ ਅਵਾਜ਼, ਉਸ ਦੇ ਸਹੀ ਕਿਰਦਾਰ ਦਾ ਭੁਲੇਖਾ ਪਾਉਂਦੇ ਹਨ।

ਹਾਫਜ਼ (ਸੁਖਬੀਰ) ਜੋ ਕਾਦਰ ਦਾ ਦੋਸਤ ਹੈ ਕਾਦਰ ਨੂੰ ਰਜ਼ੀਆ ਕਬੂਲ ਲੈਣ ਲਈ ਬਾਰ ਬਾਰ ਤਰਲੇ ਕਰਦਾ ਹੈ। ਸੁਖਬੀਰ ਦੀ ਅਦਾਕਾਰੀ ਤਾਂ ਚੰਗੀ ਹੈ ਪਰ ਉਹਦੇ ਚੇਹਰੇ ਦਾ ਤਣਾਅ ਅਖੀਰ ਤਕ ਬਣਿਆ ਰਹਿੰਦਾ ਹੈ।

ਤੀਜੇ ਅੰਕ ਵਿਚ ਦੁਨੀ ਚੰਦ (ਕਿਸ਼ੀ-ਪੰਡਤ ਨੇ ਦਰਸ਼ਕਾਂ ਨੂੰ ਕੁਝ ਪਲਾਂ ਲਈ ਗੰਭੀਰਤਾ ਵਿਚੋਂ ਕਢ ਕੇ ਹਾਸੇ ਬਖਸ਼ੇ ਹਨ। ਦੀਦਾਰ ਸਿੰਘ (ਮਨਜੀਤ) ਤੇ ਮੌਲਵੀ ਫ਼ਜ਼ਲਦੀਨ (ਬਲਦੇਵ) ਅਤੇ ਬੰਤੂ ਹਰਚਰਨ) ਆਦਿ ਦੀ ਅਦਾਕਾਰੀ ਵੀ ਮਾੜੀ ਨਹੀਂ ਸੀ।

ਸਟੇਜ ਦੀ ਸੈਟਿੰਗ ਤੇ ਲਾਈਟਾਂ ਦਾ ਪ੍ਰਬੰਧ ਵਧੀਆ ਸੀ। ਆਰੰਭ ਵਿਚ ਸੂਰਜ ਦੇ ਅਸਤ ਹੋਣ ਦਾ ਦ੍ਰਿਸ਼ ਤੇ ਕਹਾਰਾਂ ਸਮੇਤ ਡੋਲੀ ਦਾ ਗੁਜ਼ਰਨਾ, ਬੰਸਰੀ ਦਾ ਸੰਗੀਤ, ਨਾਟਕ ਦਾ ਸਹੀ ਵਾਤਾਵਰਨ ਸਿਰਜਨ ਵਿਚ ਇਸ ਮੌਲਿਕ ਯਤਨ ਦਾ ਦਰਸ਼ਕਾਂ ਵਲੋਂ ਤਾੜੀਆਂ ਨਾਲ ਸਵਾਗਤ ਹੋਇਆ। ਸੰਖੇਪ ਰੂਪ ਵਿਚ ਨਾਟਕ ਪ੍ਰੋਡਕਸ਼ਨ ਦੇ ਪਖੋਂ ਵਧੀਆ ਸੀ ਢੁਕਵੇਂ ਪਹਿਰਾਵੇ, ਵਧੀਆ ਮੇਕ-ਅਪ ਤੇ ਰੋਸ਼ਨੀ ਪ੍ਰਭਾਵਾਂ ਨੇ ਅਦਾਕਾਰਾਂ ਦੀ ਅਦਾਕਾਰੀ ਨੂੰ ਚਾਰ ਚੰਨ ਲਾਏ। ਇਹ ਲੋਕ ਰੰਗ ਮੰਚ ਦਾ ਤਜਰਬਾ ਸੀ ਜੋ ਕਾਫੀ ਸਫਲ ਰਿਹਾ ਹੈ।



Namdhari Elibrary NamdhariElibrary@gmail.com



TEG

BRAND

UNIVERSAL
JOINT
CROSS FOR ALL
TRUCKS &
CARS
MADE FROM
ALLOY STEEL



**M/S. M.I.S. AUTO INDUSTRIES**
H.O. :
455, Gali Rajan Kalan Kashmere Gate,
DELHI-6 Phone : 588327
Factory : H-15, Bali Nagar, NEW DELHI.

ਮਰਦਾਵੇਂ ਸੂਟਾਂ ਅਤੇ ਕਮੀਜ਼ਾਂ ਦੇ:

ਕਪੜਿਆਂ ਵਾਸਤੇ

ਸਾਡੀਆਂ ਸੇਵਾਵਾਂ ਪ੍ਰਾਪਤ

ਕਰੋ

## ਨਾਮਧਾਰੀ ਕਲਾਥ ਇੰਪੋਰੀਅਮ

166, ਲਾਜਪਤ ਰਾਏ ਮਾਰਕੀਟ

ਦਿਲੀ-6

ਮਾਲਕ : ਸ: ਗੁਰਬਖਸ਼ ਸਿੰਘ ਨਰਿੰਦਰ ਸਿੰਘ

# ਸਾਹਿਤ ਸਮਾਚਾਰ

**ਪੰਜਾਬੀ ਸਾਹਿਤ ਸਭਾ ਸਮਰਾਲਾ ਸਾਹਿਤਕਾਰ ਸਨਮਾਨ ਸਮਾਰੋਹ**

ਪੰਜਾਬੀ ਸਾਹਿਤ ਸਭਾ ਸਮਰਾਲਾ ਵਲੋਂ ਪੰਜ ਸਤੰਬਰ ਨੂੰ ਸਮਰਾਲਾ ਦੇ ਸਾਹਿਤਕਾਰਾਂ ਦਾ ਸਨਮਾਨ ਕੀਤਾ ਗਿਆ। ਮਾਣ ਪੱਤਰ ਪੇਸ਼ ਕੀਤਾ ਗਿਆ। ਸਨਮਾਨਤ ਸਾਹਿਤਕਾਰ ਸਨ—ਪ੍ਰਸਿਧ ਕਵੀ ਅਜਾਇਬ ਚਿਤਰਕਾਰ ਅਤੇ ਪ੍ਰਸਿਧ ਲੋਕ-ਪੱਖੀ ਨਾਵਲਕਾਰ ਓਮ ਪ੍ਰਕਾਸ਼ ਗਾਸੋ ਅਤੇ ਸਥਾਨਕ ਅਧਿਆਪਕ ਆਗੂ ਬਿਹਾਰੀ ਲਾਲ ਸਦੀ ਨੂੰ ਵੀ ਸ਼ਬਦਾਂ ਸਨਮਾਨ ਤੇ ਮਾਣ ਪੱਤਰ ਪੇਸ਼ ਕੀਤਾ ਗਿਆ। ਤਿੰਨ ਪਰਚੇ ਪੜ੍ਹੇ ਗਏ। ਪ੍ਰੋ: ਹਮਦਰਦਵੀਰ ਨੌਸ਼ਹਿਰਵੀ ਨੇ "ਲੋਕ-ਨਾਵਲਕਾਰ ਓਮ ਪ੍ਰਕਾਸ਼ ਗਾਸੋ' ਨਾਮ ਦਾ ਪੇਪਰ ਪੜ੍ਹਿਆ। ਪ੍ਰੋ: ਪਰਮਿੰਦਰ ਸਿੰਘ ਨੇ 'ਅਜਾਇਬ ਚਿਤਰਕਾਰ ਇਕ ਪ੍ਰਗਤੀਸ਼ੀਲ ਕਵੀ' ਅਤੇ ਹਰਪਾਲ ਸਿੰਘ ਨੇ ਓਮ ਪਰਕਾਸ਼ ਗਾਸੋ ਦੀ ਨਾਵਲਕਲਾ" ਨਾਮ ਦੇ ਪੇਪਰ ਪੜੇ। ਡਾ: ਸ. ਸ. ਦੁਸਾਂਝ ਨੇ ਅਜਾਇਬ ਚਿਤਰਕਾਰ ਅਤੇ ਗਾਸੋ ਦੀਆਂ ਕਿਰਤਾਂ ਬਾਰੇ ਵਿਸ਼ਾਲ ਇਕਠ ਨੂੰ ਜਾਣਕਾਰੀ ਦਿਤੀ। ਚਾਰ ਪ੍ਰਕਾਸ਼ਕਾਂ ਨੇ ਪੁਸਤਕ ਪ੍ਰਦਰਸ਼ਨੀ ਵੀ ਲਾਈ। ਸਭਾ ਦੀ ਬੇਨਤੀ ਉਤੇ ਹਰ ਇਕ ਲੇਖਕ ਪਾਠਕ ਨੇ ਇਕ ਇਕ ਪੁਸਤਕ (ਲਾਗਤ ਕੀਮਤ ਉਤੇ) ਖਰੀਦੀ। ਇਸ ਤਰਾਂ ਸੋ ਪੁਸਤਕਾਂ ਵਿਕ ਗਈਆਂ। ਪੰਜਾਬੀ ਸਾਹਿਤ ਸਭਾ ਸਮਰਾਲਾ ਦੇ ਪਰਧਾਨ ਪਰੋਫੈਸਰ ਹਮਦਰਦਵੀਰ ਨੌਸ਼ਹਿਰਵੀ ਨੇ ਸਾਰੇ ਲੇਖਕ ਤੇ ਪਾਠਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਗਲੇ ਵਿਸ਼ਾਲ ਸਾਹਿਤਕਾਰ ਸਨਮਾਨ ਸਮਾਰੋਹ ਵਿਚ ਫਤਿਹਜੀਤ ਅਤੇ ਰਾਮ ਸਰੂਪ ਅਣਖੀ ਨੂੰ ਸਨਮਾਨਤ ਕੀਤਾ ਜਾਵੇਗਾ। ਸੌ ਤੋਂ ਉਪਰ ਲੇਖਕਾਂ ਇਸ ਸਮਾਰੋਹ ਵਿਚ ਭਾਗ ਲਿਆ।



Namdhari Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT
QUALITY
MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

## *HABI INDUSTRIES (Regd.)*

10 Industrial Area

PHAGWARA—144401 (Pb.)



Namdhari Elibrary NamdhariElibrary@gmail com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 275938
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ

ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS :

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind ubilee Cinema)**

**CHANDNI CHOWK, DELHI-110006**



Namdhari Elibrary NamdhariElibrary@gmail.com

ਖ਼ਾਲਸਾ ਜੀ ! ਪਗੜੀਆਂ ਵਾਸਤੇ

# ਸਪੈਸ਼ਲ ਵਾਇਲ

## SPECIAL VOIL

ਹਰ ਪ੍ਰਕਾਰ ਦੇ ਦਿਲ ਖਿਚਵੇਂ ਤੇ ਪਕੇ ਰੰਗਾਂ ਵਿਚ

# DELHI BEAUTY

TRADE MARK

ਣਾਉਣ ਵਾਲੇ –

# ਨਾਮਧਾਰੀ ਟੈਕਸਟਾਈਲ ਬੰਬਈ

# NAMDHARI TEXTILE BOMBAY

**Office : 502 Kakat Market**

**BOMBAY-2**



Namdhari Elibrary NamdhariElibrary@gmail.com

# ਤੁਹਾਡਾ ਪੰਨਾ

ਮੇਰੇ ਪਿਆਰੇ ਵੀਰ ਜਗਦੀਸ਼ ਜੀਓ,

ਸੁਪ੍ਰੇਮ ਸਤਿ ਸ੍ਰੀ ਅਕਾਲ ! 'ਵਰਿਆਮ' ਨਿਯਮ ਨਾਲ ਮਿਲ ਰਿਹਾ ਹੈ । ਇਸ ਨੂੰ ਪੜ੍ਹਨ ਨਾਲ ਜੀਵਨ ਜਾਚ ਮਿਲਦੀ ਹੈ । ਹਰ ਪਖੋਂ ਇਹ ਆਪਣੀ ਮਿਸਾਲ ਆਪ ਹੈ । ਕਰਾਮਾਤ ਕਿ ਅਰਦਾਸ' ਲੇਖ ਲਿਖ ਕੇ ਗਲਤ ਪ੍ਰਾਪੇਗੰਡਾ ਕਰਨ ਵਾਲੇ ਲੋਕਾਂ ਨੂੰ ਅਤੇ (ਦੇਸ਼ ਅਤੇ ਬਦੇਸ਼) ਵਿਚ ਵਸਣ ਵਾਲਿਆਂ ਨੂੰ ਤੁਸਾਂ ਅਸਲੀਅਤ ਤੋਂ ਜਾਣੂ ਕਰਾਇਆ ਹੈ । 'ਯਾਦ ਟੁਕੜੀਆਂ' ਲੇਖ ਜਿਹੜਾ ਕਿ ਕਵੀ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਤ ਲਿਖਿਆ ਹੈ ਆਪਣੀ ਮਿਸਾਲ ਆਪ ਹੈ । ਕਈ ਕਹਾਣੀਆਂ ਮਨੁਖ ਨੂੰ ਸਮਾਜ ਵਿਚ ਪਈਆਂ ਗਲਤ ਕੁਰੀਤੀਆਂ ਨੂੰ ਸੁਧਾਰਨ ਲਈ ...ਬਦੀਆ ਹਨ । ਭਾਵੇਂ ਇਸ ਨੂੰ ਚਾਲੂ ਹੋਇਆਂ ਥੋੜ੍ਹਾ ...ਹੋਇਆ ਹੈ ਪਰ ਅਜ ਪੰਜਾਬੀ ਦੇ ਮਾਸਿਕ ਰਸਾਲਿਆਂ ਵਿਚ ਇਸ ਦਾ ਥਾਂ ਖਾਸ ਮਹੱਤਤਾ ਵਾਲਾ ਹੈ । ਇਸ ਨੇ ਥੋੜ੍ਹੇ ... ਵਿਚ ਕਾਫੀ ਤਰੱਕੀ ਕੀਤੀ ਹੈ । ਮੈਂ ਆਪਣੀਆਂ ਸ਼ੁਭ ...ਵਾਂ ਭੇਜਦਾ ਹਾਂ । ਆਸ ਕਰਦਾ ਹਾਂ ਕਿ ਤੁਹਾਡੀ ਸਖਤ ਘਾਲਣਾ, ਸਿਆਣੇ ਲੇਖਕਾਂ ਤੇ ਪਾਠਕਾਂ ਦਾ ਸਹਿਯੋਗ 'ਵਰਿਆਮ' ਨੂੰ ਛੇਤੀ ਹੀ ਹਰਮਨ ਪਿਆਰਾ ਬਣਾ ਦੇਵੇਗਾ ।

ਹੋਰ ਸੇਵਾ ਮੇਰੇ ਲਾਇਕ ?

ਤੁਹਾਡਾ ਆਪਣਾ

...—ਟਮਕੋਦੀ (ਜਥੇਦਾਰ) ਨਿਰੰਜਨ ਸਿੰਘ ਕੰਗ

...ਡਾਕਖਾਨਾ—ਦੋਰਾਹਾ (ਲੁਧਿਆਣਾ)

—: o :—

...ਰੇ ਜਗਦੀਸ਼ ਜੀ,

'ਵਰਿਆਮ' ਲਗਾਤਾਰ ਮਿਲ ਰਿਹਾ ਹੈ । ਉੱਦਮ ...ੜੀ ਸ਼ਲਾਘਾ ਪੂਰਨ ਹੈ । 'ਵਰਿਆਮ' ਦਾ ਚਿਹਰਾ ਦਿਨ ਬ ਦਿਨ ਨਿੱਖਰ ਰਿਹਾ ਹੈ । ਆਸ ਹੈ ਭਵਿੱਖ ਵਿਚ ...ਇਹਦਾ ਆਪਣਾ ਹੀ ਗੌਰਵ ਪੂਰਨ ਨਾਂ ਹੋਏਗਾ । ਕੁਝ ...ਝਾਉ ਦੇਣਾ ਚਾਹਾਂਗਾ ਆਸ ਹੈ ਪਸੰਦ ਆਉਣਗੇ ।

(1) ਕੁਝ ਨਵੇਂ ਲੇਖਕਾਂ ਨੂੰ ਹਰ ਵਾਰ ਥਾਂ ਦਿਆ ਕਰੋ ।

(2) ਲੇਖਕਾਂ ਦੇ ਆਪਣੇ ਵਾਰੇ ਲਿਖੇ 'ਕਲਮ ਦਾ ਸਫਰ' ਜਾਂ ਕੋਈ ਹੋਰ ਅਜਿਹਾ ਹੀ ਕੋਈ ਫੀਚਰ ਸ਼ੁਰੂ ਕਰੋ ।

(3) ਲੇਖਕਾਂ ਦੇ ਇੰਟਰਵਿਊ ਦਿਉ ਤਾਕਿ ਪਾਠਕਾਂ ਨਾਲ ਉਹਨਾਂ ਦੀ ਸਾਂਝ ਹੋਰ ਵੀ ਪੀਡੀ ਹੋਵੇ ।

(4) ਪੁਸਤਕ ਰਿਵੀਊ ਨੂੰ ਵਿਸ਼ੇਸ਼ ਮਹੱਤਵ ਦਿਉ । ਹਰ ਮਹੀਨੇ ਪ੍ਰਾਪਤ ਪੁਸਤਕਾਂ ਦਾ ਸਾਰਾਂਸ਼ ਜਾਂ ਥੋੜੀ ਬਹੁਤ ਜਾਣਕਾਰੀ ਦਿਆ ਕਰੋ ।

(5) ਕਦੀ ਕਦੀ ਕੋਈ ਵਿਸ਼ੇਸ਼ ਅੰਕ ਵੀ ਕਢਿਆ ਕਰੋ ।

(6 ਇਸ ਨੂੰ ਸਕੂਲਾਂ ਕਾਲਜਾਂ ਲਈ ਡੀ. ਪੀ. ਆਈ. ਤੋਂ ਪ੍ਰਵਾਨ ਕਰਵਾਉ ।

ਤੁਹਾਡਾ ਆਪਣਾ

ਮੋਗਾ ਕੇ. ਐਲ. ਗਰਗ

—: o :—

ਸਰਦਾਰ ਜਗਦੀਸ਼ ਸਿੰਘ ਜੀ,

ਆਦਾਬ ਅਰਜ਼ !

ਵਰਿਆਮ ਦੀ ਸਮਗਰੀ ਤੇ ਇਸ ਵਿਚ ਛਪਦੇ ਲੇਖਕਾਂ ਤੋਂ ਇਸ ਦੀ ਸੇਧ ਸਪਸ਼ਟ ਹੈ । ਕਿਉਂਕਿ ਮੈਂ ਉਸੇ ਸੇਧ ਵਲ ਮੂੰਹ ਕੀਤੀ ਤੁਰ ਰਿਹਾ ਹਾਂ, ਇਸ ਲਈ ਵਰਿਆਮ ਤੇ ਇਸ ਦੇ ਹਮਸਫਰਾਂ ਨਾਲ ਮੇਰੀਆਂ ਪੁਲਾਂਘਾਂ ਵੀ ਸਾਂਝੀਆਂ ਹਨ । ਮੇਰੀ ਚੁਪ ਦੇ ਕਾਰਨਾਂ ਵਿਚੋਂ ਇਕ ਵਰਿਆਮ ਦੀ ਸੇਧ ਬਾਰੇ ਨਿਸ਼ਚਾ ਕਰਨਾ ਵੀ ਸੀ ।

ਸਾਮਗਰੀ ਪੈਰੋਂ ਪੈਰ ਨਿਖਰ ਰਹੀ ਹੈ, ਦੱਖ ਪੈਰੇ ਪੈਰ ਸੁੰਦਰ ਹੈ । ਇਸ ਲਈ ਵਧਾਈ ਕਬੂਲ ਕਰੋ ।

ਵਰਿਆਮ ਦੀ ਸੇਧ ਨੂੰ ਤੁਰ ਰਹੇ ਲੇਖਕਾਂ ਦੀ ਗਿਣਤੀ ਬਹੁਤ ਵੱਡੀ ਹੈ । ਤੁਸੀਂ ਸਭ ਦਾ ਸਹਿਯੋਗ ਪਰਾਪਤ ਕਰ ਸਕੋਗੇ, ਇਸ ਵਿਚ ਕੋਈ ਸ਼ੱਕ ਨਹੀਂ ਜਾਪਦਾ । ਮੈਂ ਵੀ ਆਪਣੀਆਂ ਰਚਨਾਵਾਂ ਹਮੇਸ਼ਾ ਭੇਜਾਂਗਾ ।

ਸ਼ੁਭ ਇਛਾਵਾਂ ਸਹਿਤ

ਸੰਤ ਨਗਰ (ਕਰਨਾਲ) ਹਰਭਜਨ ਸਿੰਘ ਕੋਮਲ ।



Namdhari Elibrary NamdhariElibrary@gmail.com

Registered : P/JL—76 MONTHLY WARIAM October 19
Registered with the registrar of News Papers for India No 26453/75

# ਕੇਂਦਰੀ ਪੰਜਾਬੀ ਲੇਖਕ ਸਭਾ ਰਜਿ:

## ਜਲੰਧਰ

## ਸਾਲਾਨਾ ਸਮਾਗਮ

"13-14 ਨਵੰਬਰ, 1976 ਨੂੰ ਜਲੰਧਰ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ: ਦਾ ਨੌਂਵਾਂ ਸਾਲਾਨਾ ਸਮਾਗਮ ਹੋ ਰਿਹਾ ਹੈ, ਜਿਸ ਵਿਚ ਪਾਕਿ-ਸਤਾਨ ਦੇ ਮਸ਼ਹੂਰ ਪੰਜਾਬੀ ਸਾਹਿਤਕਾਰ ਵੀ ਬੁਲਾਏ ਗਏ ਹਨ. ਕੁਝ ਨਾਂਅ ਇਸ ਪ੍ਰਕਾਰ ਹਨ :

1. ਪ੍ਰੋ: ਨਜਮ ਹੁਸੈਨ ਸੱਯਦ, ਔਰੀਐਂਟਲ ਕਾਲਜ, ਲਾਹੌਰ।
2. ਸ੍ਰੀ ਫਖ਼ਰ ਜ਼ਮਾਨ, ਪਾਕਿਸਤਾਨ ਰੇਡੀਓ ਦਾ ਮੀਸ਼ਾ।
3. ਸ੍ਰੀ ਅਮੱਜਦ ਭੱਟੀ, ਐਡੀਟਰ ਪੰਜ ਦਰਿਆ, ਲਾਹੌਰ।
4. ਸ੍ਰੀ ਸਿਬਤੁਲ ਹਸਨ ਜ਼ੈਗਮ, ਪੰਜਾਬੀ ਦੇ ਮਸ਼ਹੂਰ ਮੁਦੱਈ ਤੇ ਚਿੰਤਕ।
5. ਸ੍ਰੀ ਸ਼ਫ਼ੀ ਅਕੀਲ, 'ਜੰਗ' ਕਰਾਚੀ ਦੇ ਪੰਜਾਬੀ ਮੈਗਜ਼ੀਨ ਦੇ ਐਡੀਟਰ।
6. ਸ੍ਰੀ ਅਫਜ਼ਲ ਅਹਿਸਨ, ਰੰਧਾਵਾ ਮੈਂਬਰ ਪਾਰਲੀਮੈਂਟ।
7. ਸ੍ਰੀ ਹਨੀਫ਼ ਚੌਧਰੀ, ਮੁਲਤਾਨ।
8. ਸ੍ਰੀ ਮੁਨੀਰ ਨਿਆਜ਼ੀ, ਲਾਹੌਰ।
9. ਸ੍ਰੀ ਸਲੀਮ ਖਾਂ ਗਿੰਮੀ, ਇਸਲਾਮਾਬਾਦ।
10. ਸ੍ਰੀ ਅਬਦੁਲ ਗ਼ਫ਼ੂਰ ਦਰਸ਼ਨ, ਇਸਲਾਮਾਬਾਦ।
11. ਸ੍ਰੀ ਮਸ਼ਕੂਰ ਸਾਬਰੀ, ਸੰਪਾਦਕ ਵਾਰਿਸ, ਮੁਲਤਾਨ।
12. ਸ੍ਰੀ ਇਜ਼ਤ ਮਜੀਦ, ਲਾਹੌਰ।

ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਨ੍ਹਾਂ ਸਾਹਿਤਕਾਰਾਂ ਨੂੰ ਪੰਜਾਬੀ ਸਭਾ ਦੇ ਸਮਾਗਮ ਵਿਚ ਭਾਗ ਲੈਣ ਲਈ ਸਹੂਲਤਾਂ ਦੇ ਕੇ ਧੰਨਵਾਦੀ ਬਨਾਉਣ।

ਇਸ ਸਮਾਗਮ ਤੇ ਕੇਂਦਰੀ ਸਭਾ ਦੀ ਚੋਣ ਵੀ ਹੋਵੇਗੀ ਜਿਸ ਵਿਚ ਸਭਾ ਦੇ ਜੀਵਨ ਮੈਂਬਰ, ਸਿਧੇ ਮੈਂਬਰ ਅਤੇ ਸਬੰਧਤ ਸਭਾਵਾਂ ਦੇ ਸਾਰੇ ਮੈਂਬਰ ਬਤੌਰ ਡੈਲੀਗੇਟਾਂ ਦੇ ਹਿਸਾ ਲੈ ਸਕਦੇ ਹਨ।

ਧਨਵਾਦ ਸਹਿਤ

ਸ਼ੁਭ ਚਿੰਤਕ

ਸਾਧੂ ਸਿੰਘ ਹੰਮਦਰਦ
ਪ੍ਰਧਾਨ

ਗੁਰਚਰਨ ਸਿੰਘ ਸਹਿੰਸਰਾ
ਸਕੱਤਰ

ਲੋੜ ਤੁਹਾਡੀ ਕੰਮ ਅਸਾਡਾ

- ਸਟੇਸ਼ਨਰੀ
- ਸਿਖਿਆ—ਸਿਹਰੇ
- ਕਿਤਾਬਾਂ ਅਤੇ
- ਰਸਾਲਿਆਂ ਦੇ ਰੰਗ ਬਰੰਗੇ ਟਾਈਟਲ
- ਸ਼ਾਦੀ ਕਾਰਡ ਤੇ

ਹੋਰ ਹਰ ਕਿਸਮ ਦੀ ਸੁੰਦਰ ਤੇ ਬਿਹਤਰੀਨ
ਛਪਾਈ ਲਈ

ਹਮੇਸ਼ਾ ਯਾਦ ਰਖੋ :

ਨਾਮਧਾਰੀ ਪ੍ਰਿੰਟਰਜ਼

ਲਾਡੋਵਾਲੀ ਰੋਡ, ਜਲੰਧਰ

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 8-10-76

NamdhariElibrary@gmail.com